ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2507 | 27 June, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

# ਅਮਰੀਕਾ-ਮੈਕਸੀਕੋ ਸਰਹੱਦ 'ਤੇ ਬਾਰਡਰ ਵਾਲ ਦੇ ਨਿਰਮਾਣ ਲਈ ਕੰਮ 'ਚ ਤੇਜੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੇ ਅੰਤ ਤੱਕ ਅਮਰੀਕਾ-ਮੈਕਸੀਕੋ ਸਰਹੱਦ 'ਤੇ ਬਾਰਡਰ ਵਾਲ ਦੇ ਨਿਰਮਾਣ ਨੂੰ ਵੱਡੇ ਪੱਧਰ 'ਤੇ ਪੂਰਾ ਕਰਨ ਦਾ ਟੀਚਾ ਰੱਖਿਆ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਟਰੰਪ ਪ੍ਰਸ਼ਾਸਨ ਨੇ ਕਈ ਮੋਰਚਿਆਂ 'ਤੇ ਕੰਮ ਤੇਜ਼ ਕਰ ਦਿੱਤਾ ਹੈ।ਪ੍ਰਸ਼ਾਸਨ ਦੀ ਯੋਜਨਾ ਅਨੁਸਾਰ 2027 ਦੇ ਅੰਤ ਤੱਕ ਲਗਭਗ 775 ਮੀਲ ਨਵੀਂ ਸਰਹੱਦੀ ਕੰਧ ਤਿਆਰ ਕੀਤੀ ਜਾਵੇਗੀ। ਇਸ ਤੋਂ ਬਾਅਦ 2028 ਦੇ ਅੰਤ ਤੱਕ ਕਈ ਸੌ ਮੀਲ ਵਾਧੂ ਸੈਕੰਡਰੀ ਬੈਰੀਅਰ ਅਤੇ ਦਰਿਆਵਾਂ ਜਾਂ ਪਾਣੀ ਵਾਲੇ ਸਰਹੱਦੀ ਖੇਤਰਾਂ ਵਿੱਚ ਵਾਟਰਬੋਰਨ ਬੈਰੀਅਰ ਵੀ ਬਣਾਏ ਜਾਣਗੇ, ਤਾਂ ਜੋ ਗੈਰ-ਕਾਨੂੰਨੀ ਦਾਖ਼ਲੇ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ।ਵ੍ਹਾਈਟ ਹਾਊਸ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਰਹੱਦੀ ਕੰਧ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਟਰੰਪ ਲੰਮੇ ਸਮੇਂ ਤੋਂ ਕਹਿੰਦੇ ਆਏ ਹਨ ਕਿ ਮਜ਼ਬੂਤ ਸਰਹੱਦ ਤੋਂ ਬਿਨਾਂ ਦੇਸ਼ ਦੀ ਸੁਰੱਖਿਆ ਸੰਭਵ ਨਹੀਂ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ, ਮਨੁੱਖੀ ਤਸਕਰੀ ਅਤੇ ਨਸ਼ਿਆਂ ਦੀ ਸਮੱਗਲੀ ਨੂੰ ਰੋਕਣ ਲਈ ਭੌਤਿਕ ਕੰਧ ਲਾਜ਼ਮੀ ਹੈ।ਹਾਲਾਂਕਿ ਇਸ ਪ੍ਰਾਜੈਕਟ ਦੇ ਸਾਹਮਣੇ ਸਭ ਤੋਂ ਵੱਡੀ ਰੁਕਾਵਟ ਜ਼ਮੀਨ ਦੀ ਪ੍ਰਾਪਤੀ ਹੈ। ਨਵੀਂ ਕੰਧ ਦਾ ਵੱਡਾ ਹਿੱਸਾ ਟੈਕਸਾਸ ਵਿੱਚ ਬਣਨਾ ਹੈ, ਜਿੱਥੇ ਸਰਹੱਦ ਨਾਲ ਲੱਗਦੀ ਕਾਫ਼ੀ ਜ਼ਮੀਨ ਨਿੱਜੀ ਮਾਲਕਾਂ ਦੀ ਹੈ। ਇਸ ਕਰਕੇ ਸਰਕਾਰ ਨੂੰ ਕੰਧ ਬਣਾਉਣ ਲਈ ਨਿੱਜੀ ਜ਼ਮੀਨ ਆਪਣੇ ਅਧੀਨ ਲੈਣੀ ਪਵੇਗੀ।ਕਾਨੂੰਨੀ ਮਾਹਿਰਾਂ ਅਨੁਸਾਰ, ਅਮਰੀਕੀ ਸਰਕਾਰ ਐਮੀਨੈਂਟ ਡੋਮੇਨ ਕਾਨੂੰਨ ਤਹਿਤ ਜਨਹਿੱਤ ਦੇ ਨਾਮ 'ਤੇ ਨਿੱਜੀ ਜਾਇਦਾਦ ਹਾਸਲ ਕਰ ਸਕਦੀ ਹੈ, ਪਰ ਇਸ ਲਈ ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਦੇਣਾ ਪੈਂਦਾ ਹੈ। ਜੇ ਕੋਈ ਮਾਲਕ ਸਰਕਾਰ ਦੇ ਫ਼ੈਸਲੇ ਨਾਲ ਸਹਿਮਤ ਨਾ ਹੋਵੇ ਤਾਂ ਮਾਮਲਾ ਅਦਾਲਤ ਤੱਕ ਵੀ ਪਹੁੰਚ ਸਕਦਾ ਹੈ, ਜਿਸ ਨਾਲ ਕੰਧ ਦੇ ਨਿਰਮਾਣ ਵਿੱਚ ਦੇਰੀ ਹੋ ਸਕਦੀ ਹੈ।ਪਿਛਲੇ ਕੁਝ ਸਾਲਾਂ ਦੌਰਾਨ ਵੀ ਟੈਕਸਾਸ ਵਿੱਚ ਕਈ ਜ਼ਮੀਨ ਮਾਲਕਾਂ ਨੇ ਆਪਣੀ ਜ਼ਮੀਨ ਦੇ ਅਧਿਗ੍ਰਹਿਣ ਦਾ ਵਿਰੋਧ ਕੀਤਾ ਸੀ। ਇਸ ਕਾਰਨ ਕਈ ਪ੍ਰਾਜੈਕਟ ਕਾਨੂੰਨੀ ਵਿਵਾਦਾਂ ਵਿੱਚ ਫਸੇ ਰਹੇ। ਹੁਣ ਟਰੰਪ ਪ੍ਰਸ਼ਾਸਨ ਇਨ੍ਹਾਂ ਮਾਮਲਿਆਂ ਨੂੰ ਤੇਜ਼ੀ ਨਾਲ ਨਿਪਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਜੋ ਨਿਰਮਾਣ ਕਾਰਜ ਵਿੱਚ ਰੁਕਾਵਟ ਨਾ ਆਵੇ।ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਹੱਦ ਦੀ ਮਜ਼ਬੂਤ ਸੁਰੱਖਿਆ ਨਾਲ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿੱਚ ਕਮੀ ਆਵੇਗੀ ਅਤੇ ਸਰਹੱਦੀ ਇਲਾਕਿਆਂ ਵਿੱਚ ਕਾਨੂੰਨ-ਵਿਵਸਥਾ ਹੋਰ ਮਜ਼ਬੂਤ ਹੋਵੇਗੀ। ਦੂਜੇ ਪਾਸੇ, ਆਲੋਚਕਾਂ ਦਾ ਮੰਨਣਾ ਹੈ ਕਿ ਇੰਨੇ ਵੱਡੇ ਪੱਧਰ 'ਤੇ ਕੰਧ ਬਣਾਉਣ ਨਾਲ ਵਾਤਾਵਰਣ, ਨਿੱਜੀ ਜਾਇਦਾਦ ਦੇ ਅਧਿਕਾਰਾਂ ਅਤੇ ਸਰਕਾਰੀ ਖਰਚੇ ਨੂੰ ਲੈ ਕੇ ਨਵੇਂ ਵਿਵਾਦ ਪੈਦਾ ਹੋ ਸਕਦੇ ਹਨ।ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਟਰੰਪ ਪ੍ਰਸ਼ਾਸਨ ਆਪਣਾ ਇਹ ਟੀਚਾ ਪੂਰਾ ਕਰ ਲੈਂਦਾ ਹੈ ਤਾਂ ਇਹ ਅਮਰੀਕਾ ਦੇ ਦੱਖਣੀ ਬਾਰਡਰ 'ਤੇ ਸੁਰੱਖਿਆ ਢਾਂਚੇ ਵਿੱਚ ਦਹਾਕਿਆਂ ਦਾ ਸਭ ਤੋਂ ਵੱਡਾ ਬਦਲਾਅ ਹੋਵੇਗਾ। ਨਾਲ ਹੀ ਇਹ ਟਰੰਪ ਦੀ "Secure the Border" ਨੀਤੀ ਦੀ ਸਭ ਤੋਂ ਵੱਡੀ ਪ੍ਰਾਪਤੀ ਵਜੋਂ ਵੀ ਦੇਖਿਆ ਜਾਵੇਗਾ।




# ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਕਰਨ ਲਈ ਸੂਬੇ ਭਰ ਵਿੱਚ 3,100 ਸਟੇਡੀਅਮਾਂ ਦਾ ਨਿਰਮਾਣ ਕਰ ਰਹੀ ਹੈ। ਸਮਾਣਾ ਵਿਖੇ ਸਟੇਡੀਅਮ ਦਾ ਨੀਂਹ ਪੱਥਰ ਰੱਖਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੀ ਖੇਡਾਂ ਵਿੱਚ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ, ਨਸ਼ਿਆਂ ਦੇ ਖ਼ਾਤਮੇ ਅਤੇ ਖਿਡਾਰੀਆਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਲਈ ਤਿਆਰ ਕਰਨ ਵਾਸਤੇ ਖੇਡ ਬੁਨਿਆਦੀ ਢਾਂਚੇ ਵਿੱਚ ਬੇਮਿਸਾਲ ਨਿਵੇਸ਼ ਕਰ ਰਹੀ ਹੈ।ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਟੇਡੀਅਮ 10.35 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਨੌਂ ਏਕੜ ਪੰਚਾਇਤੀ ਜ਼ਮੀਨ 'ਤੇ ਬਣਾਇਆ ਜਾਵੇਗਾ। ਸਟੇਡੀਅਮ ਵਿੱਚ ਅੱਠ ਲੇਨਾਂ ਵਾਲਾ ਅੰਤਰਰਾਸ਼ਟਰੀ ਪੱਧਰ ਦਾ 400 ਮੀਟਰ ਦਾ ਸਿੰਥੈਟਿਕ ਅਥਲੈਟਿਕਸ ਟਰੈਕ ਹੋਵੇਗਾ। ਇਹ ਟਰੈਕ 100 ਮੀਟਰ, 200 ਮੀਟਰ ਅਤੇ 400 ਮੀਟਰ ਦੀਆਂ ਦੌੜਾਂ ਵਰਗੇ ਅਥਲੈਟਿਕ ਮੁਕਾਬਲਿਆਂ ਦੇ ਨਾਲ-ਨਾਲ ਹੋਰ ਟਰੈਕ ਮੁਕਾਬਲਿਆਂ ਦੀ ਮੇਜ਼ਬਾਨੀ ਲਈ ਢੁਕਵਾਂ ਹੋਵੇਗਾ।"ਮੁੱਖ ਮੰਤਰੀ ਨੇ ਅੱਗੇ ਕਿਹਾ, "ਟਰੈਕ ਦੇ ਅੰਦਰਲੇ ਹਿੱਸੇ ਨੂੰ ਫੀਲਡ ਈਵੈਂਟਸ ਜਿਵੇਂ ਕਿ ਸ਼ਾਟ ਪੁੱਟ, ਹੈਮਰ ਥਰੋਅ, ਲੌਂਗ ਜੰਪ, ਹਾਈ ਜੰਪ, ਡਿਸਕਸ ਥਰੋਅ ਅਤੇ ਹੋਰ ਖੇਡਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਨਾਲ ਵਿਕਸਤ ਕੀਤਾ ਜਾਵੇਗਾ। ਇਸ ਨਾਲ ਖਿਡਾਰੀ ਉੱਚ ਪੱਧਰ 'ਤੇ ਸਿਖਲਾਈ ਅਤੇ ਮੁਕਾਬਲਾ ਕਰਨ ਦੇ ਯੋਗ ਹੋਣਗੇ। ਇਸ ਸਟੇਡੀਅਮ ਦੇ ਨਿਰਮਾਣ ਨਾਲ ਸਮਾਣਾ ਵਿਧਾਨ ਸਭਾ ਹਲਕੇ ਦੇ ਨਾਲ-ਨਾਲ ਆਸਪਾਸ ਦੇ ਇਲਾਕਿਆਂ ਦੇ ਨੌਜਵਾਨਾਂ ਅਤੇ ਖਿਡਾਰੀਆਂ ਨੂੰ ਵੱਡਾ ਫਾਇਦਾ ਹੋਵੇਗਾ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com



# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.





**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website



# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।





ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**

**Contact Number**

**+1 (209) 537-5702**

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER

2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਗੁਰਦੁਆਰਾ ਦਮਦਮਾ ਸਾਹਿਬ ਠੱਟਾ

ਇਤਿਹਾਸ, ਪਰੰਪਰਾ ਅਤੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ'

ਲੇਖਕ: ਮੁਖਤਾਰ ਸਿੰਘ ਚੰਦੀ

ਇਹ ਪੁਸਤਕ ਮੇਰੀ ਨਜ਼ਰ ਵਿੱਚ (ਰਿਵਿਊ)

ਉੱਘੇ ਗ਼ਜ਼ਲਗੋ ਅਤੇ ਲੇਖਕ ਮੁਖਤਾਰ ਸਿੰਘ ਚੰਦੀ ਜੀ ਇੱਕ ਗੁਰਸਿੱਖ ਸ਼ਖ਼ਸੀਅਤ ਹਨ। ਗੁਰੂ-ਘਰ ਨਾਲ ਪ੍ਰੀਤ ਅਤੇ ਸਿੱਖੀ ਜੀਵਨ-ਮੁੱਲਾਂ ਨਾਲ ਜੁੜਾਅ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਵਿਰਸੇ ਵਿੱਚ ਪ੍ਰਾਪਤ ਹੋਇਆ ਹੈ। ਸੰਤ-ਮਹਾਂਪੁਰਸ਼ਾਂ ਦੀ ਸੰਗਤ ਕਰਨੀ, ਉਨ੍ਹਾਂ ਦੀ ਜੀਵਨ-ਜਾਚ ਨੂੰ ਗਹੁ ਨਾਲ ਵੇਖਣਾ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਉਨ੍ਹਾਂ ਦੇ ਵਿਲੱਖਣ ਗੁਣਾਂ ਵਿੱਚ ਸ਼ਾਮਲ ਹੈ। ਇਨ੍ਹਾਂ ਦੀ ਦਿਲੀ ਇੱਛਾ ਸੀ ਕਿ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਜੋ ਕਿ ਇਸ ਇਲਾਕੇ ਦਾ ਵੱਡਾ ਧਾਰਮਿਕ ਕੇਂਦਰ ਹੈ, ਦੇ ਇਤਿਹਾਸ ,ਪ੍ਰੰਪਰਾਵਾ ਅਤੇ ਇਸ ਅਸਥਾਨ ਨਾਲ ਸਬੰਧਿਤ ਮਹਾਂ ਪੁਰਖਾਂ ਦੇ ਜੀਵਨ, ਵਿਚਾਰਾਂ ਅਤੇ ਪਰਉਪਕਾਰੀ ਕਾਰਜਾਂ ਨੂੰ ਸੰਗਤਾਂ ਦੇ ਰੂਬਰੂ ਲਿਖਤੀ ਰੂਪ ਵਿੱਚ ਕੀਤਾ ਜਾਵੇ ਤਾਂ ਜੋ ਆਮ ਮਨੁੱਖ ਉਨ੍ਹਾਂ ਦੇ ਜੀਵਨ-ਫਲਸਫ਼ੇ ਤੋਂ ਪ੍ਰੇਰਨਾ ਲੈ ਕੇ ਧਾਰਮਿਕ, ਨੈਤਿਕ ਅਤੇ ਸੱਚਾ-ਸੁੱਚਾ ਜੀਵਨ ਬਤੀਤ ਕਰ ਸਕੇ।

ਗੁਰਦੁਆਰਾ ਦਮਦਮਾ ਸਾਹਿਬ ਠੱਟਾ, ਮਹਾਨ ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਨਾਲ ਸਬੰਧਤ ਇੱਕ ਇਤਿਹਾਸਕ ਅਸਥਾਨ ਹੈ। ਇਤਿਹਾਸਕ ਸਰੋਤਾਂ ਅਨੁਸਾਰ ਬਾਬਾ ਜੀ ਨੇ ਦੋ ਵਾਰ ਇਸ ਅਸਥਾਨ ਉੱਤੇ ਆਪਣੇ ਪਵਿੱਤਰ ਚਰਨ ਪਾਏ। ਆਮ ਸੰਗਤ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਮਹੱਤਤਾ ਮੁੱਖ ਤੌਰ 'ਤੇ ਬਾਬਾ ਬੀਰ ਸਿੰਘ ਜੀ ਦੇ ਅਸਥਾਨ ਵਜੋਂ ਹੈ। ਪਰੰਤੂ 'ਸਿੱਖ ਪੰਥ ਵਿਸ਼ਵ ਕੋਸ਼' ਅਨੁਸਾਰ ਗੁਰੂ ਨਾਨਕ ਦੇਵ ਜੀ ਸੰਨ 1487 ਵਿੱਚ ਮਾਤਾ ਸੁਲੱਖਣੀ ਜੀ ਨੂੰ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਆਹੁਣ ਜਾਂਦੇ ਸਮੇਂ ਆਪਣੀ ਬਰਾਤ ਸਮੇਤ ਇੱਥੇ ਠਹਿਰੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼-ਬੰਸ਼ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਜੀ ਨੇ ਵੀ ਇਸ ਪਾਵਨ ਅਸਥਾਨ 'ਤੇ ਚਰਨ ਪਾਏ ਸਨ।

ਇਸ ਪੁਸਤਕ ਵਿੱਚ ਮਹਾਨ ਸ਼ਹੀਦ ਬਾਬਾ ਬੀਰ ਸਿੰਘ ਜੀ ਦਾ ਜੀਵਨ , ਗੁਰਦੁਆਰਾ ਦਮਦਮਾ ਸਾਹਿਬ ਠੱਟਾ ਦਾ ਇਤਿਹਾਸ ਅਤੇ ਇਸ ਡੇਰੇ ਦੇ ਨਾਲ ਸਬੰਧਤ ਮਹਾਂ ਪੁਰਖਾਂ ਬਾਬਾ ਕਾਹਨ ਸਿੰਘ ਜੀ, ਬਾਬਾ ਖੜਗ ਸਿੰਘ ਜੀ, ਬਾਬਾ ਜਗਤ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਤਰਲੋਚਨ ਸਿੰਘ ਜੀ, ਬਾਬਾ ਗੁਰਚਰਨ ਸਿੰਘ ਜੀ ਅਤੇ ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਦੇ ਧਾਰਮਿਕ, ਸਮਾਜਿਕ ਅਤੇ ਰੂਹਾਨੀ ਜੀਵਨ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੀਆਂ ਹੋਰ ਸੰਤ-ਸ਼ਖ਼ਸੀਅਤਾਂ, ਸੱਜਣ ਪੁਰਸ਼ਾਂ ਅਤੇ ਸਮਾਜਿਕ ਆਗੂਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਲੇਖਕ ਨੇ ਬਾਬਾ ਬੀਰ ਸਿੰਘ ਜੀ ਦੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਬੜੀ ਸੁਚੱਜੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਜੀ ਦੇ ਪਿਤਾ ਸ. ਸੇਵਾ ਸਿੰਘ ਜੀ, ਸ. ਨਿਹਾਲ ਸਿੰਘ ਅਟਾਰੀਵਾਲਾ ਦੀ ਫੌਜ ਵਿੱਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਆਪ ਜੀ ਦੀ ਦਰਸ਼ਨੀ ਦਿੱਖ ਅਤੇ ਯੋਗਤਾ ਨੂੰ ਵੇਖਦਿਆਂ ਉਨ੍ਹਾਂ ਨੂੰ ਪਿਤਾ ਜੀ ਦੀ ਥਾਂ ਫੌਜ ਵਿੱਚ ਭਰਤੀ ਕਰ ਲਿਆ ਗਿਆ। ਫੌਜ ਵਿੱਚ ਰਹਿੰਦਿਆਂ ਹੀ ਉਨ੍ਹਾਂ ਨੇ ਰੂਹਾਨੀ ਜੀਵਨ ਦੀ ਰਾਹ ਅਪਣਾਈ। ਬਾਬਾ ਭਾਗ ਸਿੰਘ ਕੁਰੀ ਵਾਲਿਆਂ ਦੀ ਸਰਪ੍ਰਸਤੀ ਅਤੇ ਬਾਬਾ ਸਾਹਿਬ ਸਿੰਘ ਊਨਾ ਵਾਲਿਆਂ ਦੀ ਅਗਵਾਈ ਹੇਠ ਸੇਵਾ-ਸਿਮਰਨ ਕਰਦਿਆਂ ਉਨ੍ਹਾਂ ਨੇ ਉੱਚ ਆਤਮਿਕ ਬੁਲੰਦੀਆਂ ਨੂੰ ਛੂਹਿਆ ।ਨੌਰੰਗਾਬਾਦ (ਅੰਮ੍ਰਿਤਸਰ)ਡੇਰੇ ਦੀ ਸਥਾਪਨਾ ਕੀਤੀ ਅਤੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਭਰਾਮਾਰੂ ਜੰਗ ਛਿੜ ਗਈ। ਬਾਬਾ ਜੀ ਨੇ ਇਸ ਟਕਰਾਅ ਦਾ ਹਿੱਸਾ ਬਣਨ ਦੀ ਥਾਂ ਧੀਰਜ, ਸਹਿਣਸ਼ੀਲਤਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਦਾ ਮਾਰਗ ਚੁਣਿਆ ਅਤੇ ਮੁੱਠਿਆਵਾਲੀ ਨੇੜੇ ਭੰਗਾਲਾ ਲੱਲਾ ਵਾਲਾ ਵਿਖੇ ਸ਼ਹੀਦੀ ਜਾਮ ਪੀ ਕੇ ਉਸ ਸਰਬ-ਸ਼ਕਤੀਮਾਨ ਦੀ ਜੋਤ ਵਿੱਚ ਲੀਨ ਹੋ ਗਏ। ਲੇਖਕ ਨੇ ਅੰਗਰੇਜ਼ਾਂ ਅਤੇ ਡੋਗਰਿਆਂ ਦੀ ਮਿਲੀ ਭੁਗਤ ਨੂੰ ਜ਼ਾਹਿਰ ਕਰਦਾ ਏ. ਐਫ. ਰਿਚਰਡ ਦਾ ਮਿਤੀ 11 ਮਈ 1844 ਦਾ ਪੱਤਰ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਬਾ ਜੀ ਦੀ ਦੁਖਦਾਇਕ ਸ਼ਹੀਦੀ ਸਬੰਧੀ 176 ਸਾਲ ਬਾਅਦ ਕਰਵਾਏ ਪ੍ਰਾਸ਼ਚਿਤ ਸਮਾਗਮ ਦੀ ਜਾਣਕਾਰੀ ਦੇ ਕੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ।

ਇਸ ਪੁਸਤਕ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਦੇ ਪਹਿਲੇ ਸੇਵਾਦਾਰ ਬਾਬਾ ਕਾਹਨ ਸਿੰਘ ਜੀ ਅਤੇ ਦੂਸਰੇ ਸੇਵਾਦਾਰ ਬਾਬਾ ਖੜਗ ਸਿੰਘ ਜੀ ਵੱਲੋ ਗੁਰਦੁਆਰਾ ਸਾਹਿਬ ਦੀ ਇਮਾਰਤ ,ਪੁਰਾਣਾ ਲੰਗਰ ਹਾਲ,ਚੁਬਾਰਾ ਅਤੇ ਹੋਰ ਇਮਾਰਤਾਂ ਦੀ ਉਸਾਰੀ ਦਾ ਵੇਰਵਾ ਤੱਥਾਂ ਅਤੇ ਤਿਥਾਂ ਸਮੇਤ ਸੰਗਤਾਂ ਦੀ ਜਾਣਕਾਰੀ ਲਈ ਦਰਸਾਇਆ ਗਿਆ ਹੈ ।ਇਸੇ ਤਰ੍ਹਾਂ ਖੇਤੀਬਾੜੀ ਵਾਲੇ ਖੂਹ ਜਿਸ ਦੀ ਸੰਪੂਰਨਤਾ ਬਾਬਾ ਖੜਗ ਸਿੰਘ ਜੀ ਵੱਲੋਂ 1893 ਈ ਵਿੱਚ ਕਰਵਾਈ ਗਈ ਸੀ ।ਇਹ ਜਾਣਕਾਰੀ ਇੱਕ ਇਤਿਹਾਸਕ ਪੱਥਰ-ਲੇਖ ਦੇ ਆਧਾਰ 'ਤੇ ਦਿੱਤੀ ਗਈ ਹੈ, ਜਿਸ ਬਾਰੇ ਬਹੁਤ ਸਾਰੀ ਸੰਗਤ ਪਹਿਲਾਂ ਸ਼ਾਇਦ ਜਾਣੂ ਨਾ ਹੋਵੇ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਗੁਰਦੁਆਰਾ ਦਮਦਮਾ ਸਾਹਿਬ ਦੇ ਮੁੱਖੀ ਬਾਬਾ ਜਗਤ ਸਿੰਘ ਜੀ ਸਨ। ਉਸ ਵੇਲੇ ਦੋਹਾਂ ਫਿਰਕਿਆਂ ਵਿਚਾਲੇ ਹਾਲਾਤ ਬਹੁਤ ਨਾਜ਼ੁਕ ਸਨ ਅਤੇ ਕਿਸੇ ਵੀ ਸਮੇਂ ਵੱਡਾ ਦੁਖਾਂਤ ਵਾਪਰ ਸਕਦਾ ਸੀ। ਪਰ ਬਾਬਾ ਜਗਤ ਸਿੰਘ ਜੀ ਨੇ ਆਪਣੀ ਰੂਹਾਨੀ ਸੂਝ-ਬੂਝ ਅਤੇ ਦੂਰਅੰਦੇਸ਼ੀ ਨਾਲ ਦੋਹਾਂ ਧਿਰਾਂ ਨੂੰ ਸ਼ਾਂਤ ਕਰਕੇ ਇਲਾਕੇ ਵਿੱਚ ਅਮਨ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ।

ਬਾਬਾ ਜਗਤ ਸਿੰਘ ਜੀ ਦੇ ਉੱਤਰਾਧਿਕਾਰੀ ਸੰਤ ਕਰਤਾਰ ਸਿੰਘ ਜੀ ਬਣੇ, ਜਿਨ੍ਹਾਂ ਨੂੰ ਆਮ ਤੌਰ 'ਤੇ ਕਾਰ ਸੇਵਾ ਵਾਲੇ ਸੰਤਾਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਿੱਖ ਪੰਥ ਦੇ ਤਖ਼ਤ ਸਾਹਿਬਾਨ ਅਤੇ ਹੋਰ ਕੇਂਦਰੀ ਧਾਰਮਿਕ ਅਸਥਾਨਾਂ 'ਤੇ ਨਿਸ਼ਕਾਮ ਕਾਰ ਸੇਵਾਵਾਂ ਕਰਵਾਈਆਂ ਅਤੇ ਸਿੱਖ ਜਗਤ ਵਿੱਚ ਖੂਬ ਨਿਮਾਣਾ ਖੱਟਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡਾਂ ਦੇ ਕੱਚੇ ਰਸਤੇ ਪੱਕੇ ਕਰਵਾਏ, ਚੈਰੀਟੇਬਲ ਹਸਪਤਾਲਾਂ ਅਤੇ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਦੀ ਕਾਰ ਸੇਵਾ ਕਰਵਾਈ ਅਤੇ ਅਨੇਕਾਂ ਪਿੰਡਾਂ ਦੇ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਪੰਨ ਕਰਵਾਈ। ਦਰਜਨਾਂ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਬਿਆਸ ਦਰਿਆ 'ਤੇ ਧੁੱਸੀ ਬਣਵਾਉਣਾ ਵੀ ਉਨ੍ਹਾਂ ਦੀ ਮਹੱਤਵਪੂਰਨ ਦੇਣ ਹੈ।

ਬਾਬਾ ਕਰਤਾਰ ਸਿੰਘ ਜੀ ਤੋਂ ਬਾਅਦ ਬਾਬਾ ਗੁਰਚਰਨ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਅੱਗੇ ਵਧਾਇਆ। ਉਨ੍ਹਾਂ ਨੇ ਸਕੂਲਾਂ, ਗੁਰਦੁਆਰਾ ਸਾਹਿਬਾਨਾਂ ਅਤੇ ਮਨੁੱਖਤਾ ਦੀ ਭਲਾਈ ਨਾਲ ਸਬੰਧਤ ਅਨੇਕਾਂ ਕਾਰਜ ਸੰਪੰਨ ਕੀਤੇ। ਮੌਜੂਦਾ ਮੁੱਖੀ ਬਾਬਾ ਹਰਜੀਤ ਸਿੰਘ ਜੀ ਵੀ ਆਪਣੇ ਪੂਰਵਜਾਂ ਦੀਆਂ ਪਾਈਆਂ ਪੈੜਾਂ 'ਤੇ ਚੱਲਦਿਆਂ ਸੇਵਾ, ਸਿਮਰਨ ਅਤੇ ਪਰਉਪਕਾਰ ਦੀ ਇਸ ਮਹਾਨ ਪਰੰਪਰਾ ਨੂੰ ਅੱਗੇ ਵਧਾ ਰਹੇ ਹਨ।

ਲੇਖਕ ਪਹਿਲਾਂ ਵੀ ਪਾਠਕਾਂ ਦੀ ਝੋਲੀ ਵਿੱਚ ਦੋ ਕਿਤਾਬਾਂ (ਇੱਕ ਕਵਿਤਾ-ਸੰਗ੍ਰਹਿ ਅਤੇ ਦੂਜੀ ਗ਼ਜ਼ਲ-ਸੰਗ੍ਰਹਿ) ਪਾ ਚੁੱਕੇ ਹਨ। ਭਾਵੇਂ ਵਾਰਤਕ ਦੇ ਖੇਤਰ ਵਿੱਚ ਇਹ ਉਨ੍ਹਾਂ ਦੀ ਪਹਿਲੀ ਕਿਤਾਬ ਹੈ, ਪਰ ਇਹ ਲੇਖਕ ਦੀ ਵਿਲੱਖਣ ਸ਼ੈਲੀ ਨੂੰ ਉਜਾਗਰ ਕਰਦੀ ਹੈ ਅਤੇ ਦਰਸਾਉਂਦੀ ਹੈ ਕਿ ਉਹ ਬਹੁਪੱਖੀ ਗੁਣਾਂ ਅਤੇ ਵਿਸ਼ਾਲ ਸ਼ਬਦ-ਭੰਡਾਰ ਦੇ ਮਾਲਕ ਹਨ।

ਇਸ ਕਿਤਾਬ ਦੀ ਇੱਕ ਅਹਿਮ ਵਿਸ਼ੇਸਤਾ ਹੈ ਕਿ ਜਿਥੇ ਇਸ ਪੁਸਤਕ ਦਾ ਸਿਰਲੇਖ ਵਿਸ਼ਾ -ਵਸਤੂ ਅਨੁਸਾਰ ਢੁੱਕਵਾ ਹੈ, ਉਥੇ ਕਿਤਾਬ ਦਾ ਟਾਈਟਲ ਵੀ ਬਹੁਤ ਦਿਲਕਸ਼ ਅਤੇ ਮਨਮੋਹਨਾ ਹੈ। ਇਸ ਵਿਲੱਖਣ ਕਾਰਜ ਲਈ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵੀ ਵਧਾਈ ਦੇ ਹੱਕਦਾਰ ਹਨ।

ਮੈਂ ਮੁਖਤਾਰ ਸਿੰਘ ਚੰਦੀ ਜੀ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ (ਕਪੂਰਥਲਾ) ਦੇ ਇਤਿਹਾਸ, ਪਰੰਪਰਾ ਅਤੇ ਵਿਕਾਸ ਨਾਲ ਸਬੰਧਤ ਮੂਲ ਅਤੇ ਮੌਖਿਕ ਸਰੋਤਾਂ ਦਾ ਗੰਭੀਰ ਅਧਿਐਨ ਕਰਕੇ, ਕਾਫ਼ੀ ਖੋਜ ਅਤੇ ਛਾਣਬੀਣ ਉਪਰੰਤ ਇਹ ਮਹੱਤਵਪੂਰਨ ਪੁਸਤਕ ਸੰਗਤ ਦੀ ਝੋਲੀ ਪਾਈ ਹੈ। "ਸਾਧ ਜਨਾ ਕੀ ਅਚਰਜ ਕਥਾ ॥ " ਨੂੰ ਸ਼ਬਦਾਂ ਵਿੱਚ ਪਰੋਣ ਦੀ ਸੋਝੀ ਵੀ ਲੇਖਕ ਨੂੰ ਅਕਾਲ ਪੁਰਖ ਦੀ ਬਖ਼ਸ਼ਿਸ਼ ਸਦਕਾ ਹੀ ਪ੍ਰਾਪਤ ਹੋਈ ਹੈ।

ਇਹ ਪਹਿਲੀ ਐਸੀ ਪੁਸਤਕ ਹੈ ਜੋ ਸੰਗਤ ਨੂੰ ਧਰਮ ਦੇ ਇਸ ਮਹੱਤਵਪੂਰਨ ਕੇਂਦਰ ਅਤੇ ਇਸ ਨਾਲ ਸਬੰਧਤ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਬਾਰੇ ਵਡਮੁੱਲੀ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਦੀ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਸਮੁੱਚੀ ਸਿੱਖ ਸੰਗਤ, ਖਾਸ ਕਰਕੇ ਇਸ ਅਸਥਾਨ ਨਾਲ ਜੁੜੀ ਸੰਗਤ ਅਤੇ ਖੋਜੀ ਵਿਦਵਾਨਾਂ ਲਈ ਬੇਹੱਦ ਲਾਹੇਵੰਦ ਅਤੇ ਮਾਰਗਦਰਸ਼ਕ ਸਾਬਤ ਹੋਵੇਗੀ।

**ਪ੍ਰਿੰਸੀਪਲ (ਰਿਟ.)**
**ਲਖਬੀਰ ਸਿੰਘ ਸੈਦਪੁਰ**
**9779952440**

**Information in Public Interest**
To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।
Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਕੈਨੇਡਾ-ਇੰਡੀਆ ਸੁਖਾਵੇਂ ਸਬੰਧ ਦੁਨੀਆ ਭਰ ਲਈ ਲਾਹੇਵੰਦ- ਸੰਧੂ

# ਫਰੈਂਡਜ਼ ਆਫ਼ ਕੈਨੇਡਾ-ਇੰਡੀਆ ਫਾਊਂਡੇਸ਼ਨ ਵੱਲੋਂ ਐਮਪੀ ਸਤਨਾਮ ਸਿੰਘ ਸੰਧੂ ਦਾ ਸਨਮਾਨ

ਸਰੀ (ਕੈਨੇਡਾ)
ਸਾਂਝੀ ਸੋਚ ਬਿਊਰੋ

ਕੈਨੇਡਾ ਦੀ ਨਾਮਵਰ ਸੰਸਥਾ ਫਰੈਂਡਜ਼ ਆਫ਼ ਕੈਨੇਡਾ-ਇੰਡੀਆ ਫਾਊਂਡੇਸ਼ਨ ਵੱਲੋਂ ਸਰੀ ਦੇ ਰਿਫਲੈਕਸ਼ਨ ਬੈਂਕੁਟ ਹਾਲ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਰਾਹੀਂ ਭਾਰਤ ਦੇ ਰਾਜਸਭਾ ਮੈਂਬਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨਾਲ ਗੈਰ ਸਿਆਸੀ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿਚ 23 ਜੂਨ1985 ਨੂੰ ਵਾਪਰੇ ਏਅਰ ਇੰਡੀਆ ਬੰਬ ਧਮਾਕੇ ਚ ਮਾਰੇ ਗਏ 329 ਬੇਗੁਨਾਹ ਲੋਕਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਉਪਰੰਤ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਸਿੰਘ ਗਿੱਲ ਨੇ ਮੁੱਖ ਮਹਿਮਾਨ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਕੈਨੇਡਾ ਵਿਚ ਵੱਸੇ ਭਾਰਤੀ ਤੇ ਖਾਸਕਰ ਪੰਜਾਬੀ ਭਾਈਚਾਰੇ ਵੱਲੋਂ ਆਪਣੀ ਮਾਤਰਭੂਮੀ ਭਾਰਤ ਦੀ ਤਰੱਕੀ ਲਈ ਪਾਏ ਜਾ ਰਹੇ ਯੋਗਦਾਨ ਦਾ ਭਾਵਪੂਰਤ ਢੰਗ ਨਾਲ ਜ਼ਿਕਰ ਕੀਤਾ।

ਭਾਰਤ-ਕੈਨੇਡਾ ਸਬੰਧਾਂ ਦੇ ਮੁੜ ਲੀਹ ਤੇ ਆਉਣ ਨੂੰ ਇੱਕ ਸ਼ੁੱਭ ਸ਼ਗਨ ਦੱਸਦਿਆਂ ਗਿੱਲ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਸਥਾਈ ਬਣਾਉਣ ਲਈ ਫਾਊਂਡੇਸ਼ਨ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ।

ਆਪਣੇ ਸੰਬੋਧਨ ਦੌਰਾਨ ਮੁੱਖ ਮਹਿਮਾਨ ਸਤਨਾਮ ਸਿੰਘ ਸੰਧੂ ਨੇ ਸਮਾਗਮ ਦੇ ਆਯੋਜਨ ਲਈ ਫਾਊਂਡੇਸ਼ਨ ਤੇ ਪ੍ਰਧਾਨ ਮਨਿੰਦਰ ਸਿੰਘ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿਆਸੀ ਰੰਗਤ ਵਾਲੀ ਰਵਾਇਤ ਤੋਂ ਹਟਕੇ ਹੋਣ ਵਾਲੇ ਅਜਿਹੇ ਆਯੋਜਨ ਹੀ ਭਾਈਚਾਰਕ ਮਸਲਿਆਂ ਦੇ ਹੱਲ ਅਤੇ ਚਿਰ ਸਥਾਈ ਸਬੰਧਾਂ ਲਈ ਸਹਾਈ ਸਾਬਤ ਹੁੰਦੇ ਹਨ। ਭਾਰਤ-ਕੈਨੇਡਾ ਵਿਚਕਾਰ ਪੀਡੇ ਹੋ ਰਹੇ ਰਿਸ਼ਤੇ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਸੰਧੂ ਨੇ ਕਿਹਾ ਕਿ ਬਹੁਤ ਜਲਦ ਅਮਲ ਵਿੱਚ ਆਉਣ ਜਾ ਰਹੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਫੇਰੀ ਭਵਿੱਖ ਦੀ ਖੁਸ਼ਹਾਲੀ ਲਈ ਬਹੁਤ ਸਾਰੇ ਸੁਪਨਿਆਂ ਨੂੰ ਸੱਚ ਕਰੇਗੀ। ਉਨ੍ਹਾਂ ਕਿਹਾ ਕਿ ਬਹੁਤ ਜਲਦ ਜਿੱਥੇ ਹੋਰ ਵਪਾਰਕ ਖੇਤਰਾਂ ਵਿੱਚ ਸਾਨੂੰ ਦੋਹਾਂ ਦੇਸ਼ਾਂ ਵਿੱਚ ਨਵੇਂ ਫੈਸਲੇ ਨਜ਼ਰ ਆਉਣਗੇ ਉੱਥੇ ਵਿੱਦਿਅਕ ਖੇਤਰ ਵਿੱਚ ਵੀ ਸਾਂਝ ਨੂੰ ਹੋਰ ਪਕੇਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰੇ ਦੀ ਕੈਨੇਡਾ ਵਿਚ ਤਰੱਕੀ ਅਤੇ ਹਿੱਸੇਦਾਰੀ ਸਾਡੇ ਲਈ ਮਾਣ ਵਾਲੀ ਗੱਲ ਹੈ। ਬੀਤੇ ਵਿੱਚ ਆਜ਼ਾਦੀ ਤੋਂ ਬਾਅਦ ਹੋਰਨਾਂ ਪਾਰਟੀਆਂ ਦੇ ਯੋਗਦਾਨ ਤੇ ਕਿਸੇ ਕਿਸਮ ਦੇ ਕਿੰਤੂ ਤੋਂ ਪ੍ਰਹੇਜ਼ ਕਰਦਿਆਂ ਸੰਧੂ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤ ਦੀ ਹੋਈ ਅਥਾਹ ਤਰੱਕੀ ਇੱਕ ਮਿਸਾਲ ਹੈ ਜੋ ਸਰਕਾਰ ਦੇ 12 ਸਾਲ ਦੇ ਕਾਰਜਕਾਲ ਤੇ ਹਾਂ ਪੱਖੀ ਮੋਹਰ ਹੈ। ਗੁਰਬਖਸ਼ ਸਿੰਘ ਖੇੜਾ ਵੱਲੋਂ ਕੀਤੀ ਮੰਗ ਦੇ ਅਧਾਰ ਤੇ ਸੰਧੂ ਨੇ ਵਾਅਦਾ ਕੀਤਾ ਕਿ ਵੈਨਕੂਵਰ ਤੋਂ ਚੰਡੀਗੜ੍ਹ/ਅਮ੍ਰਿਤਸਰ ਫਲਾਈਟ ਸ਼ੁਰੂ ਕਰਨ ਸਬੰਧੀ ਯਤਨ ਆਖਰੀ ਪੜਾਅ ਤੇ ਹਨ ਤੇ ਜਲਦ ਸੁਖਦ ਖਬਰ ਆਵੇਗੀ।

ਇਸ ਮੌਕੇ ਸਟੇਜ ਦੀ ਸੁਚੱਜਤਾ ਨਾਲ ਕਾਰਵਾਈ ਚਲਾਉਂਦਿਆਂ ਫਾਊਂਡੇਸ਼ਨ ਦੇ ਉੱਪ ਪ੍ਰਧਾਨ ਤੇ ਬੈਰਿਸਟਰ ਲਵਲੀਨ ਸਿੰਘ ਗਿੱਲ ਨੇ ਸਤਨਾਮ ਸਿੰਘ ਸੰਧੂ ਦੇ ਵਿੱਦਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਦਾ ਵੇਰਵਾ ਸਾਂਝਾ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਡਾ. ਗੁਲਜ਼ਾਰ ਚੀਮਾ ਨੇ ਭਾਰਤ-ਕੈਨੇਡਾ ਸਬੰਧਾਂ 'ਚ ਹੋ ਰਹੀ ਪ੍ਰਗਤੀ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਵਿਦੇਸ਼ੀ ਦਖਲਅੰਦਾਜ਼ੀ ਦੇ ਨਾਂ ਤੇ ਦੇਸ਼ ਹਿੱਤ ਦੇ ਅਜਿਹੇ ਸੁਹਿਰਦ ਯਤਨ ਤਾਰਪੀਡੋ ਨਹੀਂ ਹੋਣੇ ਚਾਹੀਦੇ। ਲਕਸ਼ਮੀ ਨਰਾਇਣ ਮੰਦਰ ਸੁਸਾਇਟੀ ਦੇ ਆਗੂ ਵਿਨੈ ਸ਼ਰਮਾ ਨੇ ਸੁਸਾਇਟੀ ਵੱਲੋਂ ਸੰਧੂ ਦਾ ਸਵਾਗਤ ਕਰਦਿਆਂ ਕੁੱਝ ਸ਼ਰਾਰਤੀ ਤੱਤਾਂ ਵੱਲੋਂ ਹਿੰਦੂ ਸਿੱਖ ਭਾਈਚਾਰਿਆਂ 'ਚ ਪਾੜਾ ਪਾਉਣ ਦੇ ਯਤਨਾਂ 'ਤੇ ਚਿੰਤਾ ਦਾ ਇਜ਼ਹਾਰ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਫਾਊਂਡੇਸ਼ਨ ਦੇ ਡਾਇਰੈਕਟਰ ਬੂਟਾ ਸਿੰਘ ਢਿੱਲੋਂ, ਬਲਬੀਰ ਸਿੰਘ ਪੱਡਾ, ਮਨਜੀਤ ਸਿੰਘ ਬਹੁਗੁਣ, ਬਲਦੇਵ ਸਿੰਘ ਭੰਮ, ਪ੍ਰੀਤਪਾਲ ਸਿੰਘ ਵੜੈਚ, ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਬਲਬੀਰ ਸਿੰਘ ਚੰਗਿਆੜਾ, ਰੇਡੀਓ ਸਵਿਫਟ ਦੇ ਮਾਲਕ ਕੁਲਵੰਤ ਸਿੰਘ ਢੇਸੀ, ਉੱਘੇ ਕਾਰੋਬਾਰੀ ਪਰਮਜੀਤ ਸਿੰਘ ਖੋਸਲਾ, ਸਾਬਕਾ ਫੈਡਰਲ ਮਨਿਸਟਰ ਗੁਰਮੰਤ ਸਿੰਘ ਗਰੇਵਾਲ, ਲਕਸ਼ਮੀ ਨਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ, ਉੱਘੇ ਰੇਡੀਓ ਹੋਸਟ ਜਸਬੀਰ ਸਿੰਘ ਰੋਮਾਣਾ, ਹਰਜੀਤ ਸਿੰਘ ਗਿੱਲ, ਦਵਿੰਦਰ ਸਿੰਘ ਬੈਨੀਪਾਲ, ਰਮਿੰਦਰ ਸਿੰਘ ਕੰਗ, ਸਾਂਝਾ ਟੀਵੀ ਦੇ ਮਾਲਕ ਬਿੱਲ ਸੰਧੂ, ਹਰਪ੍ਰੀਤ ਸਿੰਘ ਧਾਲੀਵਾਲ, ਮਮਤਾ ਫਾਊਂਡੇਸ਼ਨ ਦੇ ਮੱਖਣ ਸਿੰਘ ਟੁੱਟ, ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸ਼ਨ ਦੇ ਸਾਹਿਬ ਸਿੰਘ ਥਿੰਦ, ਪ੍ਰੋ. ਗੁਰਦੇਵ ਸਿੰਘ, ਡਾ. ਹਾਕਮ ਸਿੰਘ ਭੁੱਲਰ, ਡਾ. ਮਾਂਗਟ ਵੀ ਮੌਜੂਦ ਸਨ।









# ਟਰੰਪ ਨੂੰ ਵੱਡਾ ਝਟਕਾ: ਫੈਡਰਲ ਜੱਜ ਨੇ ਮੇਲ-ਇਨ ਵੋਟਿੰਗ ਸੰਬੰਧੀ ਐਗਜ਼ਿਕਿਊਟਿਵ ਆਰਡਰ 'ਤੇ ਲਾਈ ਰੋਕ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੋਣ ਪ੍ਰਬੰਧ ਨਾਲ ਜੁੜੇ ਇੱਕ ਮਹੱਤਵਪੂਰਨ ਮਾਮਲੇ ਵਿੱਚ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਬੋਸਟਨ ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਐਗਜ਼ਿਕਿਊਟਿਵ ਆਰਡਰ ਦੇ ਦੋ ਅਹਿਮ ਹਿੱਸਿਆਂ ‘ਤੇ ਰੋਕ ਲਾ ਦਿੱਤੀ ਹੈ, ਜਿਨ੍ਹਾਂ ਦਾ ਉਦੇਸ਼ ਮੇਲ-ਇਨ ਵੋਟਿੰਗ ਲਈ ਸਖ਼ਤ ਨਿਯਮ ਲਾਗੂ ਕਰਨਾ ਅਤੇ ਹਰ ਰਾਜ ਲਈ ਫੈਡਰਲ ਪੱਧਰ ‘ਤੇ ਯੋਗ ਵੋਟਰਾਂ ਦੀ ਸੂਚੀ ਤਿਆਰ ਕਰਨਾ ਸੀ।

ਇਹ ਐਗਜ਼ਿਕਿਊਟਿਵ ਆਰਡਰ ਮਾਰਚ ਮਹੀਨੇ ਵਿੱਚ ਜਾਰੀ ਕੀਤਾ ਗਿਆ ਸੀ। ਇਸ ਅਧੀਨ ਹੋਮਲੈਂਡ ਸਕਿਊਰਿਟੀ ਸਕੱਤਰ ਨੂੰ ਸੋਸ਼ਲ ਸਿਕਿਊਰਿਟੀ ਪ੍ਰਸ਼ਾਸਨ ਦੇ ਡਾਟਾ ਦੀ ਮਦਦ ਨਾਲ ਹਰ ਰਾਜ ਦੇ ਯੋਗ ਅਮਰੀਕੀ ਨਾਗਰਿਕ ਵੋਟਰਾਂ ਦੀ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਨਾਲ ਹੀ, ਅਮਰੀਕੀ ਡਾਕ ਵਿਭਾਗ (ਸ਼ਫਸ਼) ਨੂੰ ਇਹ ਹੁਕਮ ਦਿੱਤਾ ਗਿਆ ਸੀ ਕਿ ਉਹ ਕੇਵਲ ਉਹਨਾਂ ਵਿਅਕਤੀਆਂ ਨੂੰ ਹੀ ਮੇਲ-ਇਨ ਜਾਂ ਐਬਸੈਂਟੀ ਬੈਲਟ ਭੇਜੇ ਜੋ ਇਸ ਫੈਡਰਲ ਤੌਰ ‘ਤੇ ਮਨਜ਼ੂਰਸ਼ੁਦਾ ਸੂਚੀ ਵਿੱਚ ਸ਼ਾਮਲ ਹੋਣ।

ਅਮਰੀਕੀ ਜ਼ਿਲ੍ਹਾ ਜੱਜ ਇੰਦਿਰਾ ਤਲਵਾਨੀ ਨੇ ਆਪਣੇ 37 ਸਫ਼ਿਆਂ ਦੇ ਫੈਸਲੇ ਵਿੱਚ ਕਿਹਾ ਕਿ ਨਾ ਤਾਂ ਕਾਂਗਰਸ ਅਤੇ ਨਾ ਹੀ ਰਾਸ਼ਟਰਪਤੀ ਕੋਲ ਰਾਜਾਂ ਦੀਆਂ ਵੋਟਰ ਸੂਚੀਆਂ ਬਣਾਉਣ ਜਾਂ ਵੋਟਰ ਯੋਗਤਾ ਤੈਅ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸੰਵਿਧਾਨ ਅਤੇ ਮੌਜੂਦਾ ਫੈਡਰਲ ਕਾਨੂੰਨਾਂ ਅਨੁਸਾਰ ਇਹ ਅਧਿਕਾਰ ਰਾਜਾਂ ਕੋਲ ਹੀ ਰਹਿੰਦਾ ਹੈ।

ਜੱਜ ਤਲਵਾਨੀ ਨੇ ਕਿਹਾ ਕਿ ਫੈਡਰਲ ਸਰਕਾਰ ਕੋਲ ਐਸੀ ਕੋਈ ਸੰਪੂਰਨ ਅਤੇ ਸਹੀ ਨਾਗਰਿਕ ਸੂਚੀ ਤਿਆਰ ਕਰਨ ਦੀ ਸਮਰੱਥਾ ਨਹੀਂ ਹੈ ਜਿਸ ‘ਤੇ ਚੋਣ ਪ੍ਰਣਾਲੀ ਨਿਰਭਰ ਕਰ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਫੈਡਰਲ ਕਾਨੂੰਨ ਵਿੱਚ ਸਰਕਾਰ ਨੂੰ ਆਪਣਾ ਵੱਖਰਾ ਰਾਸ਼ਟਰੀ ਵੋਟਰ ਡਾਟਾਬੇਸ ਬਣਾਉਣ ਦਾ ਅਧਿਕਾਰ ਨਹੀਂ ਦਿੱਤਾ ਗਿਆ।ਅਦਾਲਤ ਨੇ ਐਗਜ਼ਿਕਿਊਟਿਵ ਆਰਡਰ ਦੇ ਉਸ ਹਿੱਸੇ ‘ਤੇ ਵੀ ਸਖ਼ਤ ਟਿੱਪਣੀ ਕੀਤੀ ਜਿਸ ਵਿੱਚ ਅਟਾਰਨੀ ਜਨਰਲ ਨੂੰ ਉਹਨਾਂ ਰਾਜ ਅਤੇ ਸਥਾਨਕ ਚੋਣ ਅਧਿਕਾਰੀਆਂ ਖ਼ਿਲਾਫ਼ ਜਾਂਚ ਅਤੇ ਕਾਰਵਾਈ ਨੂੰ ਤਰਜੀਹ ਦੇਣ ਲਈ ਕਿਹਾ ਗਿਆ ਸੀ ਜੋ ਫੈਡਰਲ ਸੂਚੀ ਦੀ ਵਰਤੋਂ ਤੋਂ ਬਿਨਾਂ ਚੋਣਾਂ ਕਰਵਾਉਣ। ਜੱਜ ਨੇ ਕਿਹਾ ਕਿ ਇਸ ਨਾਲ ਸਥਾਨਕ ਚੋਣ ਅਧਿਕਾਰੀਆਂ ਨੂੰ ਡਰਾਉਣ ਜਾਂ ਦਬਾਅ ਹੇਠ ਲਿਆਉਣ ਦੀ ਸਥਿਤੀ ਪੈਦਾ ਹੋ ਸਕਦੀ ਹੈ, ਜਿਸ ਨਾਲ ਚੋਣ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ।ਇਸ ਤੋਂ ਇਲਾਵਾ ਅਦਾਲਤ ਨੇ ਇਹ ਵੀ ਕਿਹਾ ਕਿ ਅਮਰੀਕੀ ਡਾਕ ਵਿਭਾਗ ਨੂੰ ਮੇਲ-ਇਨ ਵੋਟਿੰਗ ਦੇ ਨਿਯਮ ਨਿਰਧਾਰਤ ਕਰਨ ਦਾ ਅਧਿਕਾਰ ਵੀ ਕਾਂਗਰਸ ਨੇ ਨਹੀਂ ਦਿੱਤਾ। ਇਸ ਲਈ ਐਗਜ਼ਿਕਿਊਟਿਵ ਆਰਡਰ ਵਿੱਚ ਸ਼ਫਸ਼ ਨੂੰ ਦਿੱਤੇ ਗਏ ਨਿਰਦੇਸ਼ ਵੀ ਮੌਜੂਦਾ ਕਾਨੂੰਨੀ ਪ੍ਰਕਿਰਿਆ ਨਾਲ ਮੇਲ ਨਹੀਂ ਖਾਂਦੇ।ਇਸ ਮਾਮਲੇ ਵਿੱਚ 23 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਉਨ੍ਹਾਂ ਦਾ ਦਲੀਲ ਸੀ ਕਿ ਰਾਜਾਂ ਦੇ ਚੋਣ ਪ੍ਰਬੰਧ ਵਿੱਚ ਫੈਡਰਲ ਦਖ਼ਲ ਸੰਵਿਧਾਨ ਦੇ ਖ਼ਿਲਾਫ਼ ਹੈ। ਜੱਜ ਤਲਵਾਨੀ ਨੇ ਰਾਜਾਂ ਦੀ ਇਸ ਦਲੀਲ ਨੂੰ ਸਵੀਕਾਰ ਕਰਦੇ ਹੋਏ ਐਗਜ਼ਿਕਿਊਟਿਵ ਆਰਡਰ ਦੇ ਵਿਵਾਦਤ ਪ੍ਰਬੰਧਾਂ ‘ਤੇ ਫਿਲਹਾਲ ਰੋਕ ਲਗਾ ਦਿੱਤੀ ਹੈ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਪਿਆਰੀ ਯਾਦ ਵਿੱਚ



# ਕਰਤਾਰ ਸਿੰਘ ਬਾਸੀ

(1939-2026)

ਗਹਿਰੇ ਦੁੱਖ ਨਾਲ ਅਸੀਂ ਆਪਣੇ ਪਿਆਰੇ ਪਰਿਵਾਰਕ ਮੈਂਬਰ ਦੇ ਦੇਹਾਂਤ ਦੀ ਸੂਚਨਾ ਦਿੰਦੇ ਹਾਂ।

## ਅੰਤਿਮ ਸੰਸਕਾਰ ਦਾ ਸਥਾਨ

**Turlock Memorial Park and Funeral Home**

575 N. Soderquist Rd. Turlock, CA 95380

**28 ਜੂਨ 2026 | ਦੁਪਹਿਰ 12:00 ਵਜੇ ਤੋਂ 02:00 ਵਜੇ ਤੱਕ**

## ਅੰਤਮ ਅਰਦਾਸ

2:00 ਵਜੇ ਤੋਂ 4:00 ਵਜੇ ਤੱਕ

**ਗੁਰਦਵਾਰਾ ਸਾਹਿਬ ਮੁਡਿਸਟੋਂ-ਸੀਰਜ**

5743 E. Hatch Road Hughson, CA 95326


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336

# ONLY WAY TO GROW YOUR BUSINESS FASTER

# BNG
(Business Network Gateway)

## We work for you to
## Boost Your Business

**VIDEO** ADVERTISEMENTS
We make professional video advertisements for your business in Punjabi, Hindi & English

**POSTERS DESIGN**
We design flyers, Posters and Post Cards to promote your business

**BUSINESS CARD DESIGN**
WE DESIGN YOUR BUSINESS CARD

**SOCIAL MEDIA HANDLERS**
We can manage your Business social media handlers Facebook, instagram & YouTube

**24/7 TECH SUPPORT**
We provide 24/7 tech support

## For more information call
## Boota Singh Basi +1 (209) 303-1260

# 6.5 ਅਰਬ ਡਾਲਰ ਦੇ ਸਿਹਤ ਸਕੀਮਾਂ ਘੁਟਾਲੇ ਵਿੱਚ 90 ਡਾਕਟਰਾਂ ਸਣੇ 455 ਵਿਰੁੱਧ ਦੋਸ਼ ਅਇਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਨਿਆਂ ਵਿਭਾਗ ਨੇ ਐਲਾਨ ਕੀਤਾ ਕਿ 45 ਰਾਜਾਂ ਵਿੱਚ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਸਮੇਤ 450 ਤੋਂ ਵੱਧ ਲੋਕਾਂ 'ਤੇ ਵਿਸ਼ਵਵਿਆਪੀ ਸਿਹਤ ਸੰਭਾਲ ਧੋਖਾਧੜੀ ਸਕੀਮਾਂ ਦੇ ਸਬੰਧ ਵਿੱਚ ਦੋਸ਼ ਲਗਾਏ ਗਏ ਹਨ ਜੋ ਕਿ ਕੁੱਲ 6.5 ਅਰਬ ਡਾਲਰਾਂ ਦੀ ਧੋਖਾਧੜੀ ਹੈ। ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ 45 ਰਾਜਾਂ ਵਿੱਚ 455 ਵਿਅਕਤੀਆਂ ਜਿਨਾਂ ਵਿੱਚ 90 ਤੋਂ ਵੱਧ ਡਾਕਟਰ ਸ਼ਾਮਲ ਹਨ 'ਤੇ ਝੂਠੇ ਮੈਡੀਕੇਅਰ ਅਤੇ ਮੈਡੀਕੇਡ ਦਾਅਵਿਆਂ ਦੇ ਦੋਸ਼ ਲਗਾਏ ਗਏ ਹਨ ਜਿਨਾਂ ਕਾਰਨ ਮਰੀਜ਼ਾਂ ਨੂੰ ਨੁਕਸਾਨ ਪਹੁੰਚਿਆ। 2026 ਨੈਸ਼ਨਲ ਹੈਲਥ ਕੇਅਰ ਫਰਾਡ ਟੇਕਡਾਊਨ ਨਾਮਕ ਇਸ ਕਾਰਵਾਈ ਵਿੱਚ ਐਰੀਜ਼ੋਨਾ ਵਿੱਚ 1ਅਰਬ ਡਾਲਰ ਦੀ ਸਕੀਮ, ਵਰਜੀਨੀਆ ਵਿੱਚ ਬੇਘਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ 4.9 ਲੱਖ ਡਾਲਰ ਦੀ ਮੈਡੀਕੇਡ ਸਕੀਮ, ਅਤੇ ਕੈਲੀਫੋਰਨੀਆ ਵਿੱਚ 27.7 ਲੱਖ ਡਾਲਰ ਦੀ ਮੈਡੀਕੇਅਰ ਹਾਸਪਾਈਸ ਧੋਖਾਧੜੀ ਸ਼ਾਮਲ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਅਮਰੀਕੀ ਇਤਿਹਾਸ ਵਿੱਚ ਸਿਹਤ-ਸੰਭਾਲ ਧੋਖਾਧੜੀ ਵਿਰੁੱਧ ਸਰਕਾਰ ਦੀ ਸਭ ਤੋਂ ਵੱਡੀ ਕਾਰਵਾਈ ਹੈ। ਇਸ ਧੋਖਾਧੜੀ ਕਾਰਨ ਕੁਝ ਮਰੀਜ਼ਾਂ ਦੀ ਮੌਤ ਵੀ ਹੋਈ ਹੈ। ਐਫ ਬੀ ਆਈ ਡਾਇਰੈਕਟਰ ਕਾਸ਼ ਪਟੇਲ ਨੇ ਵਾਸ਼ਿੰਗਟਨ, ਡੀ ਸੀ ਵਿੱਚ ਰੌਬਰਟ ਐਫ. ਕੈਨੇਡੀ ਡਿਪਾਰਟਮੈਂਟ ਆਫ਼ ਜਸਟਿਸ ਬਿਲਡਿੰਗ ਵਿਖੇ ਇੱਕ ਪੱਤਰਕਾਰ ਕਾਨਫਰੰਸ ਵਿੱਚ ਸਿਹਤ ਸੰਭਾਲ ਨਾਲ ਸਬੰਧਤ ਧੋਖਾਧੜੀ ਵਿਰੁੱਧ ਹਾਲ ਹੀ ਵਿੱਚ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਵੇਰਵੇ ਸਹਿਤ ਦੱਸਿਆ। ਉਨਾਂ ਕਿਹਾ ਕਿ ਧੋਖਾਧੜੀ ਵਿੱਚ ਹਰ ਗ੍ਰਿਫਤਾਰੀ ਅਮਰੀਕੀ ਟੈਕਸਦਾਤਾਵਾਂ ਨੂੰ ਲੁੱਟਣ ਵਾਲੇ ਅਧਿਕਾਰੀਆਂ ਲਈ ਇੱਕ ਸਪੱਸ਼ਟ ਸੰਦੇਸ਼ ਹੈ ਕਿ ਉਹ ਆਪਣੇ ਅਪਰਾਧਾਂ ਤੋਂ ਬਚ ਨਹੀਂ ਸਕਣਗੇ।

# ਅਮਰੀਕੀ ਸੈਨੇਟ ਵੱਲੋਂ ਇਰਾਨ ਖ਼ਿਲਾਫ਼ ਫ਼ੌਜੀ ਕਾਰਵਾਈ ਰੋਕਣ ਸਬੰਧੀ ਮਤਾ ਮਨਜ਼ੂਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਇਰਾਨ ਖ਼ਿਲਾਫ਼ ਅਮਰੀਕੀ ਫ਼ੌਜੀ ਕਾਰਵਾਈ 'ਤੇ ਰੋਕ ਲਾਉਣ ਲਈ ਜੰਗੀ ਤਾਕਤਾਂ ਸਬੰਧੀ ਮਤੇ ਨੂੰ ਪਹਿਲੀ ਵਾਰ ਮਨਜ਼ੂਰੀ ਦੇ ਦਿੱਤੀ। ਅਮਰੀਕੀ ਸੰਸਦ ਮੈਂਬਰ ਜੰਗ ਦੇ ਖ਼ਾਤਮੇ ਲਈ ਦੇਸ਼ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਚੌਕਸੀ ਨਾਲ ਨਜ਼ਰ ਰੱਖ ਰਹੇ ਹਨ। ਇਹ ਜੰਗ ਸ਼ੁਰੂ ਕਰਨ ਦਾ ਫ਼ੈਸਲਾ ਅਮਰੀਕੀ ਪ੍ਰਸ਼ਾਸਨ ਨੇ ਕੀਤਾ ਸੀ, ਪਰ ਹੁਣ ਉਸ ਨੂੰ ਸੰਸਦ ਤੋਂ ਪੈਸੇ ਦੀ ਲੋੜ ਹੈ। ਸੈਨੇਟ ਨੇ ਜੰਗ ਰੋਕਣ ਲਈ 10ਵੀਂ ਵਾਰ ਕੋਸ਼ਿਸ਼ ਕੀਤੀ।

ਮਤੇ ਦੇ ਹੱਕ ਵਿਚ 50 ਤੇ ਵਿਰੋਧ ਵਿਚ 48 ਵੋਟ ਪਏ, ਜੋ ਪਿਛਲੀਆਂ ਕੋਸ਼ਿਸ਼ਾਂ ਦੇ ਮੁਕਾਬਲੇ ਹੈਰਾਨਕੁਨ ਤਬਦੀਲੀ ਹੈ। ਉਂਝ, ਵੋਟਿੰਗ ਅਜਿਹੇ ਮੌਕੇ ਹੋਈ ਹੈ, ਜਦੋਂ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ ਦਾ ਮੁੱਖ ਦਫ਼ਤਰ) ਇਰਾਨ ਨਾਲ ਜੰਗ ਮਗਰੋਂ ਗੋਲਾ-ਬਾਰੂਦ ਅਤੇ ਹਥਿਆਰਾਂ ਦੇ ਆਪਣੇ ਭੰਡਾਰਾਂ ਨੂੰ ਭਰਨ ਲਈ ਅਮਰੀਕੀ ਸੰਸਦ ਤੋਂ 80 ਅਰਬ ਡਾਲਰ ਦੀ ਮੰਗ ਕਰ ਰਿਹਾ ਹੈ। ਇਹ ਮਤਾ ਕਾਫ਼ੀ ਹੱਦ ਤੱਕ ਪ੍ਰਤੀਕਾਤਮਕ ਹੈ ਤੇ ਇਸ ਨੂੰ ਪੂਰੀ ਤਰ੍ਹਾਂ ਕਾਨੂੰਨੀ ਦਰਜਾ ਹਾਸਲ ਨਹੀਂ ਹੈ, ਪਰ ਇਹ ਪ੍ਰਤੀਨਿਧ ਸਭਾ ਤੇ ਸੈਨੇਟ ਦੇ ਕਈ ਰਿਪਬਲਿਕਨਾਂ ਦੇ ਵਧਦੇ ਫ਼ਿਕਰਾਂ ਨੂੰ ਦਰਸਾਉਂਦਾ ਹੈ।

ਪ੍ਰਤੀਨਿਧੀ ਸਭਾ ਨੇ ਇਸ ਮਹੀਨੇ ਦੀ ਸ਼ੁਰੂਆਤ ਵਿਚ ਇਸ ਮਤੇ ਨੂੰ ਮਨਜ਼ੂਰੀ ਦਿੱਤੀ ਸੀ। ਸੈਨੇਟ ਵਿਚ ਡੈਮੋਕਰੈਟਿਕ ਪਾਰਟੀ ਦੇ ਆਗੂ ਚੱਕ ਸ਼ੂਮਰ ਨੇ ਕਿਹਾ, "ਸੈਨੇਟ ਵਿਚ ਵੱਡੀ ਗਿਣਤੀ ਰਿਪਬਲਿਕਨ ਪਾਰਟੀ ਦੇ ਮੈਂਬਰਾਂ ਨੇ ਅਮਰੀਕੀ ਲੋਕਾਂ ਦੀ ਥਾਂ ਵਾਰ-ਵਾਰ ਟਰੰਪ ਤੇ ਉਨ੍ਹਾਂ ਦੀ ਜੰਗ ਦਾ ਸਾਥ ਦਿੱਤਾ।"

# ਪਹਾੜ ਤੋਂ ਕਾਰ ਡਿੱਗਣ ਕਾਰਣ ਤਿੰਨ ਨੌਜੁਆਨ ਪੰਜਾਬੀਆਂ ਦੀ ਮੌਤ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਕੈਲੀਫੋਰਨੀਆ ਵਸਦੇ ਪੰਜਾਬੀ ਭਾਈਚਾਰੇ ਨੂੰ ਅਚੰਭੇ ਵਾਲੀ ਦੁਰਘਟਨਾ ਨੇ ਸੋਗ ਚ ਪਾ ਦਿੱਤਾ ਜਿਸ ਦੌਰਾਨ ਤਿੰਨ ਨੌਜੁਆਨ ਜੋ ਆਪਿਸ ਚ ਰਿਸ਼ਤੇਦਾਰ ਵੀ ਸਨ, ਜਿਨਾਂ ਦੀ ਕਾਰ ਜੋ ਹਾਈਵੇਅ 9 ਜੋ ਸੈਰਾਟੋਗਾ ਏਰੀਏ ਵਿੱਚ ਪਹਾੜੀ ਤੇ ਪੈਂਦਾ ਹੈ ਤੋਂ ਬੇਕਾਬੂ ਹੋ ਕੇ ਥੱਲੇ ਕਰੀਬ 400 ਫੁੱਟ ਖੱਡ ਚ ਡਿਗਣ ਕਰਕੇ ਤਿੰਨਾਂ ਦੀ ਹੀ ਮੌਤ ਹੋ ਗਈ। ਇਹ ਪਹਾੜੀ ਹਾਈਵੇਅ 9 ਐਨਾ ਪੇਚੀਦਾ ਹੈ ਕਿ ਇਥੇ ਇੱਕ ਕਾਬਿਲ ਡਰਾਈਵਰ ਲਈ ਵੀ ਗੱਡੀ ਚਲਾਉਣੀ ਔਖੀ ਹੈ।


ਇਨਾਂ ਮਾਰੇ ਗਏ ਤਿਨਾਂ ਨੌਜੁਆਨਾਂ ਦੇ ਨਾਂ ਜਿਨਾਂ ਚ ਰਣਬੀਰ ਸਿੰਘ 20 ਸਾਲਾ ਯੂਬਾ ਸਿਟੀ ਤੋਂ, ਅਜੇਸ਼ ਸਿੰਘ ਸੈਣੀ 27 ਸਾਲਾ ਓਰੀਗਨ ਤੋਂ ਸੀ ਜੋ ਕਿ ਪਿਛਲੇ ਪਿੰਡ ਭੋਗਪੁਰ ਤੋਂ ਸੀ ਤੇ ਜੋ ਪੰਜਾਬੀ ਭਾਈਚਾਰੇ ਚ ਪਹਿਚਾਣ ਰੱਖਣ ਵਾਲੇ ਸਤਨਾਮ ਸਿੰਘ ਤਾਤਲਾ ਦਾ ਭਾਣਜਾ ਸੀ।

ਮਨਜੋਤ ਧਾਲੀਵਾਲ 17 ਸਾਲਾ ਸੈਨਹੋਜੇ ਤੋਂ ਸੀ ਜੋ ਕਿ ਬੀ ਐਮ ਡਬਲਯੂ ਵਿੱਚ ਸਵਾਰ ਸੀ। ਪਤਾ ਲੱਗਿਆ ਕਿ ਇਹ ਕੁਝ ਨੌਜੁਆਨ ਇਕ ਵਿਆਹ ਤੋਂ ਪਹਿਲਾਂ ਅਖੰਡਪਾਠ ਦੇ ਭੋਗ ਤੋਂ ਬਾਅਦ ਦੋ ਕਾਰਾਂ ਚ ਘੁੰਮਣ ਲਈ ਨਿਕਲੇ ਸੀ ਤੇ ਅਗੇ ਜਾਂਦੀ ਕਾਰ ਖੱਡ ਚ ਜਾ ਡਿੱਗੀ ਤੇ ਪਿਛਲੀ ਕਾਰ ਚ ਸਵਾਰ ਬਾਕੀ ਨੌਜੁਆਨ ਬਚ ਗਏ। ਖੱਡ ਚੋਂ ਕਾਰ ਨੂੰ ਕੱਢਣ ਵਾਲੀ ਟੋਅ ਟਰੱਕ ਕੰਪਨੀ ਨੇ ਦੱਸਿਆ ਕਿ ਮੌਕੇ ਦਾ ਸੀਨ ਬੜਾ ਭਿਆਨਕ ਸੀ ਤੇ ਇਸ ਜਗ੍ਹਾ ਤੇ ਪੁਲੀਸ ਨੂੰ ਪਹੁੰਚਣ ਲਈ ਵੀ ਕਰੀਬ ਅੱਧਾ ਘੰਟਾ ਲੱਗਾ।

# ਦਰਦਨਾਕ ਸੜਕ ਹਾਦਸੇ 'ਚ 25 ਸਾਲਾ ਪੰਜਾਬੀ ਨੌਜਵਾਨ ਦੀ ਮੌਤ

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ ਦੇ ਮੈਲਬੌਰਨ ਨੇੜੇ ਵਾਰਾਗੁਲ ਵਿਖੇ ਵਾਪਰੇ ਇਸ ਦਰਦਨਾਕ ਸੜਕ ਹਾਦਸੇ ਵਿੱਚ 25 ਸਾਲਾ ਪੰਜਾਬੀ ਨੌਜਵਾਨ ਦੀ ਮੌਤ ਹੋਣ ਦੀ ਮੰਦਭਾਗੀ ਖਬਰ ਸ੍ਹਾਮਣੇ ਆਈ ਹੈ। ਮ੍ਰਿਤਕ ਪੰਜਾਬੀ ਨੌਜਵਾਨ ਦੀ ਪਛਾਣ ਅਸ਼ਵਨੀ ਸ਼ਰਮਾ ਵੱਜੋਂ ਹੋਈ ਹੈ। ਇਹ ਹਾਦਸਾ 20 ਜੂਨ ਨੂੰ ਵਾਪਰਿਆ ਸੀ ਅਤੇ ਹਾਦਸੇ ਸਮੇਂ ਅਸ਼ਵਨੀ ਫਿਊਲ ਟੈਂਕਰ ਚਲਾ ਰਿਹਾ ਸੀ। ਦੱਸ ਦਈਏ ਕਿ ਜਦੋਂ ਅਸ਼ਵਨੀ ਸ਼ਰਮਾ ਜਦੋਂ ਰੋਡ 'ਤੇ ਜਾ ਰਿਹਾ ਸੀ ਤਾਂ ਬੀ-ਡਬਲ ਟੈਂਕਰ ਬੇਕਾਬੂ ਹੋ ਕੇ ਪ੍ਰਿੰਸਸ ਫ੍ਰੀਵੇਅ ਤੋਂ ਉਤਰ ਕੇ ਕੇਬਲ ਬੈਰੀਅਰਾਂ ਅਤੇ ਦਰੱਖਤਾਂ ਨਾਲ ਟਕਰਾਉਣ ਤੋਂ ਬਾਅਦ ਪਲਟ ਗਿਆ। ਇਸ ਹਾਦਸੇ ਵਿੱਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸਾ ਐਨਾ ਭਿਆਨਕ ਸੀ ਕਿ ਟਰੱਕ ਦਾ ਕੈਬਿਨ ਟ੍ਰੇਲਰ ਤੋਂ ਵੱਖ ਹੋ ਗਿਆ ਤੇ ਟੈਂਕਰ ਪਲਟਣ ਕਾਰਨ ਵੱਡੀ ਮਾਤਰਾ ਵਿਚ ਤੇਲ ਸੜਕ 'ਤੇ ਫੈਲ ਗਿਆ। ਹਾਦਸੇ ਸਮੇਂ ਅਸ਼ਵਨੀ ਸ਼ਰਮਾ ਇਕੱਲਾ ਹੀ ਬੀ-ਡਬਲ ਟੈਂਕਰ ਚਲਾ ਰਿਹਾ ਸੀ। ਇਸ ਦੁਖਦਾਈ ਘਟਨਾ ਕਾਰਨ ਪਰਿਵਾਰ, ਦੋਸਤਾਂ ਤੇ ਆਸਟ੍ਰੇਲੀਆ ਵਿਚ ਵੱਸਦੇ ਭਾਰਤੀ ਭਾਈਚਾਰੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ।



## ਨਾਮ ਦੀ ਬਦਲੀ

**ਮੈਂ, ਸੋਨੂੰ ਕੁਮਾਰ 2016 Klamath Ave, Apt.8, Santa Clara, CA 95051 ਦਾ ਵਸਨੀਕ ਹਾਂ। ਮੇਰੀ ਨਾਬਾਲਗ ਧੀ ਆਇਤ ਨੇ ਪਾਸਪੋਰਟ ਜਾਰੀ ਕਰਨ ਲਈ ਅਰਜ਼ੀ ਦਿੱਤੀ ਹੈ। ਉਸ ਦੇ ਪਾਸਪੋਰਟ ਵਿੱਚ ਪਹਿਲਾ ਨਾਮ ਆਇਤ ਦਿੱਤਾ ਗਿਆ ਹੈ ਅਤੇ ਉਪਨਾਮ ਨਹੀਂ ਦਿੱਤਾ ਗਿਆ। ਇਸ ਲਈ ਉਸਨੇ ਆਪਣਾ ਨਾਮ ਬਦਲ ਕੇ 'ਨਾਮ ਨਹੀਂ ਦਿੱਤਾ ਗਿਆ ਆਇਤ' ਰੱਖ ਲਿਆ ਹੈ। ਭਵਿੱਖ ਵਿੱਚ ਉਸ ਨੂੰ 'ਨਾਮ ਨਹੀਂ ਦਿੱਤਾ ਗਿਆ ਆਇਤ' ਦੇ ਨਾਮ ਨਾਲ ਜਾਣਿਆ ਜਾਵੇਗਾ।**






Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
*Pricing & offer details vary by location & applicant.*


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


LIVE OAK PUNJABI HERITAGE ASSOCIATION
PRESENTS
MELA PUNJABANA DA
ਮੇਲਾ ਪੰਜਾਬਣਾਂ ਦਾ
DESIGN BY SUNNY KAMBOZ
GURLEJ AKHTAR
KULWINDER KALLY
SUNDAY, JUNE 28TH 2026
THE WALNUT HALL
1431 WALNUT AVE, YUBA CITY, CA 95993
TICKET PRICE
11:00AM TO 1:00PM - $10
2:00PM TO 6:00PM - $20
GIDHA, BHANGRA, FOLK SONGS, COMEDY, DELICIOUS FOOD, BOUTIQUES, MEHNDI, DESI KULFI AND MANY MORE.
TIME: 11AM TO 7PM
FOR MORE INFORMATION & SPONSORSHIP CONTACT
JASMINDER MATTU 530-301-9258
JAY PEGANY 530-218-9095

# ਮੁੱਖ ਮੰਤਰੀ ਵੀਡੀਓ ਵਿਵਾਦ 'ਚ ਨਵਾਂ ਮੋੜ: ਜਗਮਨ ਸਮਰਾ ਦਾ ਦਾਅਵਾ ਰਾਜਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਭੇਜੀ ਸੀ ਵੀਡੀਓ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਮਾਨ ਦੀ ਵਿਵਾਦਿਤ ਵੀਡੀਓ ਦੇ ਮਾਮਲੇ 'ਚ ਹੁਣ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦੀ ਗੂੰਜ ਪਈ ਹੈ। ਕੈਨੇਡਾ 'ਚ ਬੈਠੇ ਜਗਮਨ ਸਮਰਾ ਨੇ ਸੋਸ਼ਲ ਮੀਡੀਆ 'ਤੇ 4.57 ਮਿੰਟ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ ਜਿਸ 'ਚ ਉਸ ਨੇ 'ਆਪ' ਚੋਂ ਭਾਜਪਾ 'ਚ ਸ਼ਾਮਲ ਹੋਈ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦਾ ਜ਼ਿਕਰ ਕੀਤਾ ਹੈ। ਮਈ 2024 'ਚ ਸਵਾਤੀ ਮਾਲੀਵਾਲ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੀ ਏ 'ਤੇ ਕੁੱਟਮਾਰ ਦੇ ਇਲਜ਼ਾਮ ਲਗਾਏ ਸਨ ਅਤੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਈ ਸੀ।

ਪਰਵਾਸੀ ਭਾਰਤੀ ਜਗਮਨ ਸਮਰਾ ਨੇ ਅੱਜ ਸਾਂਝੀ ਕੀਤੀ ਵੀਡੀਓ 'ਚ ਕਿਹਾ ਕਿ ਸਵਾਤੀ ਮਾਲੀਵਾਲ ਨੇ ਅਰਵਿੰਦ ਕੇਜਰੀਵਾਲ ਦੇ ਘਰ ਹੋਈ ਕੁੱਟਮਾਰ ਅਤੇ ਅਪਮਾਨ ਤੋਂ ਰੋਹ 'ਚ ਆ ਕੇ ਵੀਡੀਓਜ਼ ਲੀਕ ਕੀਤੀਆਂ ਹੈ। ਸਮਰਾ ਨੇ ਇੱਕ ਤਰੀਕੇ ਨਾਲ ਵਾਇਰਲ ਵੀਡੀਓ ਦੇ ਲੀਕ ਹੋਣ 'ਚ ਮਾਲੀਵਾਲ ਦੀ ਭੂਮਿਕਾ ਦੱਸੀ ਹੈ। ਸਮਰਾ ਨੇ ਇਹ ਵੀ ਕਿਹਾ ਕਿ ਸਵਾਤੀ ਮਾਲੀਵਾਲ ਵੱਲੋਂ ਹੋਰ ਵੀਡੀਓਜ ਵੀ ਭੇਜੀਆਂ ਗਈਆਂ ਹਨ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਕੱਲ੍ਹ ਵਿਵਾਦਿਤ ਵੀਡੀਓ ਮਾਮਲੇ 'ਚ ਜਗਮਨ ਸਮਰਾ ਨੂੰ ਘੇਰਿਆ ਸੀ।



ਮੁੱਖ ਮੰਤਰੀ ਨੇ ਜਗਮਨ ਸਮਰਾ ਦੀ ਨਕਲੀ ਮਾਸਕ ਨਾਲ ਇੱਕ ਵੀਡੀਓ ਵੀ ਸਾਂਝੀ ਕੀਤੀ ਸੀ ਅਤੇ ਵਿਵਾਦਿਤ ਵੀਡੀਓ ਨੂੰ ਨਕਲੀ ਮਾਸਕ ਪਾ ਕੇ ਤਿਆਰ ਕੀਤੇ ਜਾਣ ਦੀ ਗੱਲ ਸੀ। ਅੱਜ ਜਗਮਨ ਸਮਰਾ ਨੇ ਨਕਲੀ ਮਾਸਕ ਵਾਲੀ ਗੱਲ ਨੂੰ ਨਕਾਰ ਦਿੱਤਾ ਹੈ। ਅੱਜ ਦੀ ਵੀਡੀਓ 'ਚ ਸਮਰਾ ਨੇ ਮੁੱਖ ਮੰਤਰੀ ਨਾਲ ਪੁਰਾਣੀ ਸਾਂਝ ਹੋਣ ਦਾ ਜ਼ਿਕਰ ਵੀ ਕੀਤਾ ਹੈ। ਸਮਰਾ ਨੇ ਆਉਂਦੇ ਦਿਨਾਂ 'ਚ ਹੋਰ ਵੀਡੀਓਜ ਵੀ ਨਸ਼ਰ ਹੋਣ ਦਾ ਦਾਅਵਾ ਕੀਤਾ ਹੈ।

ਵਿਰੋਧੀਆਂ ਵੱਲੋਂ ਸਮਰਾ ਦੀ ਵੀਡੀਓ ਕੀਤੀ ਜਾ ਰਹੀ ਸਾਂਝੀਹੁਣ ਜਦੋਂ ਸਵਾਤੀ ਮਾਲੀਵਾਲ ਦਾ ਨਾਮ ਵਾਇਰਲ ਵੀਡੀਓ ਨਾਲ ਜਗਮਨ ਸਮਰਾ ਨੇ ਜੋੜ ਦਿੱਤਾ ਹੈ ਤਾਂ ਇਸ ਦੇ ਸਿਆਸੀ ਰੰਗ ਵੀ ਆਉਂਦੇ ਦਿਨਾਂ 'ਚ ਉੱਘੜਨਗੇ।

ਪੰਜਾਬ ਦੀਆਂ ਵਿਰੋਧੀ ਸਿਆਸੀ ਧਿਰਾਂ ਦੇ ਆਗੂਆਂ ਵੱਲੋਂ ਅੱਜ ਜਗਮਨ ਸਮਰਾ ਦੀ ਵੀਡੀਓ ਨੂੰ ਸੋਸ਼ਲ ਮੰਚਾਂ 'ਤੇ ਸਾਂਝਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵੀ ਵਿਵਾਦਿਤ ਵੀਡੀਓ ਨੂੰ ਲੈ ਕੇ ਕਾਰਵਾਈ ਦੀ ਮੰਗ ਕੀਤੀ ਸੀ। ਸਮਰਾ ਵੱਲੋਂ ਸਵਾਤੀ ਮਾਲੀਵਾਲ ਦਾ ਹਵਾਲਾ ਦਿੱਤੇ ਜਾਣ ਤੋਂ ਹੁਣ ਇਹ ਮਾਮਲਾ ਨਵਾਂ ਮੋੜਾ ਲੈਣ ਲੱਗਿਆ ਹੈ।ਹਾਲਾਂਕਿ ਸਮਰਾ ਦੇ ਦਾਅਵੇ 'ਤੇ ਸਵਾਤੀ ਮਾਲੀਵਾਲ ਨੇ ਹਾਲੇ ਤੱਕ ਆਪਣਾ ਕੋਈ ਪੱਖ ਨਹੀਂ ਰੱਖਿਆ ਹੈ ਪ੍ਰੰਤੂ ਵਿਵਾਦਿਤ ਵੀਡੀਓ ਨੂੰ ਲੈ ਕੇ ਕੋਈ ਸਿਆਸੀ ਖਿਚੜੀ ਰਿੱਝਣ ਵੱਲ ਜ਼ਰੂਰ ਇਸ਼ਾਰਾ ਜਾਪਦਾ ਹੈ। ਚੇਤੇ ਰਹੇ ਕਿ ਜਗਮਨ ਸਮਰਾ 'ਤੇ 28 ਨਵੰਬਰ 2020 ਨੂੰ ਫ਼ਿਰੋਜ਼ਪੁਰ 'ਚ 65 ਲੱਖ ਦੀ ਧੋਖਾਧੜੀ ਦਾ ਮਾਮਲਾ ਦਰਜ ਹੋਇਆ ਸੀ ਅਤੇ ਉਹ ਇਸ ਸਬੰਧ 'ਚ ਫ਼ਰੀਦਕੋਟ ਜੇਲ੍ਹ 'ਚ ਬੰਦ ਸੀ। ਉਸ ਵਕਤ ਜੇਲ੍ਹ ਸਟਾਫ਼ ਨੂੰ ਚਕਮਾ ਦੇ ਕੇ ਸਮਰਾ ਫ਼ਰਾਰ ਹੋ ਗਿਆ ਸੀ।


# ਭਾਰਤ ਸਰਕਾਰ ਦੀ ਵੱਡੀ ਸਪੱਸ਼ਟੀਕਰਨ: ਸਿਰਫ਼ ਭਾਰਤੀ ਪਾਸਪੋਰਟ ਹੋਣਾ ਭਾਰਤੀ ਨਾਗਰਿਕਤਾ ਦਾ ਕਾਨੂੰਨੀ ਸਬੂਤ ਨਹੀਂ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਦਿੱਤੀ ਗਈ ਇੱਕ ਮਹੱਤਵਪੂਰਨ ਸਪੱਸ਼ਟੀਕਰਨ ਨੇ ਦੁਨੀਆ ਭਰ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ, ਖ਼ਾਸ ਕਰਕ ਐਨਆਰਆਈ ਅਤੇ ਓਸੀਆਈ ਕਾਰਡਧਾਰਕਾਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀ ਪਾਸਪੋਰਟ ਸਿਰਫ਼ ਇੱਕ ਯਾਤਰਾ ਦਸਤਾਵੇਜ਼ ਹੈ, ਪਰ ਇਹ ਆਪਣੇ ਆਪ ਵਿੱਚ ਭਾਰਤੀ ਨਾਗਰਿਕਤਾ ਦਾ ਅੰਤਿਮ ਕਾਨੂੰਨੀ ਸਬੂਤ ਨਹੀਂ ਹੈ।

ਇਹ ਸਪੱਸ਼ਟੀਕਰਨ 24 ਜੂਨ 2026 ਨੂੰ ਨਵੀਂ ਦਿੱਲੀ ਵਿੱਚ ਮਨਾਏ ਗਏ 14ਵੇਂ ਪਾਸਪੋਰਟ ਸੇਵਾ ਦਿਵਸ ਦੌਰਾਨ ਦਿੱਤਾ ਗਿਆ। ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਪਾਸਪੋਰਟ ਵਿਦੇਸ਼ ਯਾਤਰਾ ਦੌਰਾਨ ਧਾਰਕ ਦੀ ਪਛਾਣ ਅਤੇ ਰਾਸ਼ਟਰੀਅਤਾ ਦਰਸਾਉਂਦਾ ਹੈ, ਪਰ ਭਾਰਤੀ ਕਾਨੂੰਨਾਂ ਅਧੀਨ ਨਾਗਰਿਕਤਾ ਦਾ ਅੰਤਿਮ ਕਾਨੂੰਨੀ ਸਬੂਤ ਨਹੀਂ ਮੰਨਿਆ ਜਾ ਸਕਦਾ।ਇਹ ਟਿੱਪਣੀ ਉਸ ਵੇਲੇ ਸਾਹਮਣੇ ਆਈ ਜਦੋਂ ਕੁਝ ਰਾਜਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਜਾਂਚ ਦੌਰਾਨ ਇਹ ਸਵਾਲ ਉੱਠਿਆ ਕਿ ਕੀ ਸਿਰਫ਼ ਭਾਰਤੀ ਪਾਸਪੋਰਟ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ। ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਨਾਗਰਿਕਤਾ ਦਾ ਫ਼ੈਸਲਾ ਸਿਰਫ਼ ਪਾਸਪੋਰਟ ਨਾਲ ਨਹੀਂ, ਸਗੋਂ ਹੋਰ ਕਾਨੂੰਨੀ ਰਿਕਾਰਡਾਂ ਅਤੇ ਸਰਕਾਰੀ ਦਸਤਾਵੇਜ਼ਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਇਸ ਸਪੱਸ਼ਟੀਕਰਨ ਦਾ ਸਭ ਤੋਂ ਵੱਧ ਅਸਰ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ 'ਤੇ ਪੈ ਸਕਦਾ ਹੈ। ਭਾਰਤੀ ਸੰਵਿਧਾਨ ਦੇ ਆਰਟੀਕਲ 9 ਅਤੇ ਸਿਟੀਜਨ ਐਕਟ, 1955 ਦੀ ਧਾਰਾ 9 ਅਨੁਸਾਰ ਭਾਰਤ ਦੋਹਰੀ ਨਾਗਰਿਕਤਾ ਦੀ ਇਜਾਜ਼ਤ ਨਹੀਂ ਦਿੰਦਾ। ਇਸ ਲਈ ਜਿਹੜਾ ਵਿਅਕਤੀ ਆਪਣੀ ਮਰਜ਼ੀ ਨਾਲ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲੈ ਲੈਂਦਾ ਹੈ, ਉਹ ਆਮ




ਤੌਰ 'ਤੇ ਭਾਰਤੀ ਨਾਗਰਿਕ ਨਹੀਂ ਰਹਿੰਦਾ ਅਤੇ ਉਸ ਨੂੰ ਆਪਣਾ ਭਾਰਤੀ ਪਾਸਪੋਰਟ ਸਰਕਾਰ ਕੋਲ ਜਮ੍ਹਾਂ ਕਰਵਾਉਣਾ ਲਾਜ਼ਮੀ ਹੁੰਦਾ ਹੈ।ਸਰਕਾਰੀ ਨਿਯਮਾਂ ਅਨੁਸਾਰ ਜੇ ਕਿਸੇ ਵਿਅਕਤੀ ਕੋਲ ਕਿਸੇ ਹੋਰ ਦੇਸ਼ ਦਾ ਪਾਸਪੋਰਟ ਹੈ ਤਾਂ ਇਸ ਨੂੰ ਇਹ ਸਬੂਤ ਮੰਨਿਆ ਜਾਂਦਾ ਹੈ ਕਿ ਉਸ ਨੇ ਉਸ ਦੇਸ਼ ਦੀ ਨਾਗਰਿਕਤਾ ਸਵੀਕਾਰ ਕਰ ਲਈ ਹੈ। ਅਜਿਹੀ ਸਥਿਤੀ ਵਿੱਚ ਭਾਰਤੀ ਨਾਗਰਿਕਤਾ ਆਪਣੇ ਆਪ ਖ਼ਤਮ ਹੋ ਸਕਦੀ ਹੈ ਅਤੇ ਭਾਰਤੀ ਪਾਸਪੋਰਟ ਦੀ ਵਰਤੋਂ ਕਰਨਾ ਕਾਨੂੰਨੀ ਉਲੰਘਣਾ ਮੰਨੀ ਜਾ ਸਕਦੀ ਹੈ।

ਵਿਦੇਸ਼ ਮੰਤਰਾਲੇ ਦੀ ਇਸ ਸਪੱਸ਼ਟੀਕਰਨ ਦਾ ਓਸੀਆਈ ਕਾਰਡਧਾਰਕਾਂ ਲਈ ਵੀ ਖ਼ਾਸ ਮਹੱਤਵ ਹੈ।ਓਸੀਆਈ ਕਾਰਡ ਭਾਵੇਂ ਉਨ੍ਹਾਂ ਨੂੰ ਉਮਰ ਭਰ ਭਾਰਤ ਆਉਣ-ਜਾਣ, ਰਹਿਣ ਅਤੇ ਕਈ ਹੋਰ ਸੁਵਿਧਾਵਾਂ ਦਿੰਦਾ ਹੈ, ਪਰ ਓਸੀਆਈਕਾਰਡ ਭਾਰਤੀ ਨਾਗਰਿਕਤਾ ਦੇ ਬਰਾਬਰ ਨਹੀਂ ਹੈ।ਓਸੀਆਈ ਧਾਰਕਾਂ ਨੂੰ ਭਾਰਤ ਵਿੱਚ ਵੋਟ ਪਾਉਣ, ਚੋਣ ਲੜਨ ਜਾਂ ਸੰਵਿਧਾਨਕ ਅਹੁਦੇ ਸੰਭਾਲਣ ਦਾ ਅਧਿਕਾਰ ਨਹੀਂ ਮਿਲਦਾ।

ਵਿਦੇਸ਼ ਮੰਤਰਾਲੇ ਨੇ ਇਹ ਵੀ ਇਸ਼ਾਰਾ ਕੀਤਾ ਕਿ ਜੇ ਕਿਸੇ ਕੋਲ ਵੈਧ ਭਾਰਤੀ ਪਾਸਪੋਰਟ ਨਹੀਂ ਹੈ ਤਾਂ ਭਾਰਤੀ ਮੂਲ ਜਾਂ ਨਾਗਰਿਕਤਾ ਸਾਬਤ ਕਰਨ ਲਈ ਹੋਰ ਦਸਤਾਵੇਜ਼ਾਂ ਦੀ ਲੋੜ ਪੈ ਸਕਦੀ ਹੈ। ਇਨ੍ਹਾਂ ਵਿੱਚ ਜਨਮ ਸਰਟੀਫਿਕੇਟ, ਡੋਮਿਸਾਈਲ ਰਿਕਾਰਡ, ਮਾਪਿਆਂ ਜਾਂ ਦਾਦਾ-ਦਾਦੀ ਨਾਲ ਸੰਬੰਧਿਤ ਦਸਤਾਵੇਜ਼ ਸ਼ਾਮਲ ਹੋ ਸਕਦੇ ਹਨ। ਵਿਦੇਸ਼ਾਂ ਵਿੱਚ ਜਨਮੇ ਦੂਜੀ ਜਾਂ ਤੀਜੀ ਪੀੜ੍ਹੀ ਦੇ ਭਾਰਤੀ ਮੂਲ ਦੇ ਲੋਕਾਂ ਲਈ ਇਹ ਪ੍ਰਕਿਰਿਆ ਕਈ ਵਾਰ ਮੁਸ਼ਕਲ ਹੋ ਸਕਦੀ ਹੈ।ਇੱਕ ਖੋਜ ਅਧਿਐਨ ਦਾ ਹਵਾਲਾ ਦਿੰਦਿਆਂ ਦੱਸਿਆ ਗਿਆ ਕਿ ਨਾਗਰਿਕਤਾ ਦੀ ਸਥਿਤੀ ਦਾ ਪ੍ਰਭਾਵ ਭਾਰਤ ਵਿੱਚ ਜਾਇਦਾਦ ਦੇ ਵਾਰਸਾਨਾ ਹੱਕ, ਕੌਂਸਲਰ ਸੇਵਾਵਾਂ, ਪਰਿਵਾਰਕ ਜਾਇਦਾਦੀ ਵਿਵਾਦਾਂ ਅਤੇ ਹੋਰ ਕਾਨੂੰਨੀ ਅਧਿਕਾਰਾਂ 'ਤੇ ਵੀ ਪੈ ਸਕਦਾ ਹੈ। ਇਸ ਲਈ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਲਈ ਆਪਣੀ ਨਾਗਰਿਕਤਾ ਨਾਲ ਸੰਬੰਧਿਤ ਦਸਤਾਵੇਜ਼ ਸਹੀ ਰੱਖਣਾ ਬਹੁਤ ਮਹੱਤਵਪੂਰਨ ਹੈ।

ਵਿਦੇਸ਼ ਮੰਤਰਾਲੇ ਨੇ ਇੱਕ ਵਾਰ ਫਿਰ ਚੇਤਾਵਨੀ ਦਿੱਤੀ ਹੈ ਕਿ ਜੇ ਕੋਈ ਵਿਅਕਤੀ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਵੀ ਭਾਰਤੀ ਪਾਸਪੋਰਟ ਆਪਣੇ ਕੋਲ ਰੱਖਦਾ ਜਾਂ ਵਰਤਦਾ ਹੈ ਤਾਂ ਇਹ ਭਾਰਤੀ ਕਾਨੂੰਨ ਅਧੀਨ ਦੰਡਨੀਯ ਅਪਰਾਧ ਹੋ ਸਕਦਾ ਹੈ ਅਤੇ ਉਸ 'ਤੇ ਜੁਰਮਾਨਾ ਜਾਂ ਹੋਰ ਕਾਰਵਾਈ ਕੀਤੀ ਜਾ ਸਕਦੀ ਹੈ।

ਸਮਾਗਮ ਦੌਰਾਨ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਦੇਸ਼ ਵਿੱਚ ਪਾਸਪੋਰਟ ਸੇਵਾਵਾਂ ਦੇ ਵਿਸਥਾਰ, ਨਵੇਂ ਈ-ਪਾਸਪੋਰਟ ਪ੍ਰਾਜੈਕਟ ਅਤੇ ਹੋਰ ਆਧੁਨਿਕ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ।ਇਮੀਗ੍ਰੇਸ਼ਨ ਅਤੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਪੱਸ਼ਟੀਕਰਨ ਖ਼ਾਸ ਤੌਰ 'ਤੇ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਰਹਿੰਦੇ ਲੱਖਾਂ ਭਾਰਤੀ ਮੂਲ ਦੇ ਲੋਕਾਂ ਲਈ ਮਹੱਤਵਪੂਰਨ ਹੈ, ਕਿਉਂਕਿ ਇਸ ਨਾਲ ਨਾਗਰਿਕਤਾ,ਓਸੀਆਈ ਦਰਜੇ ਅਤੇ ਭਾਰਤੀ ਕਾਨੂੰਨਾਂ ਦੇ ਵਿਚਕਾਰ ਫ਼ਰਕ ਹੋਰ ਸਪੱਸ਼ਟ ਹੋ ਗਿਆ ਹੈ।

# ਅਮਰੀਕਾ ਦੇ ਆਈਸੀਈ ਡਿਟੈਨਸ਼ਨ ਸੈਂਟਰਾਂ ਵਿੱਚ ਮੌਤਾਂ ਦੀ ਦਰ 10 ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ, ਨਵੀਂ ਰਿਪੋਰਟ ਨਾਲ ਚਿੰਤਾ ਵਧੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਚੱਲ ਰਹੀ ਵੱਡੀ ਕਾਰਵਾਈ ਦੌਰਾਨ ਇੱਕ ਨਵੀਂ ਰਿਪੋਰਟ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। Human Rights Watch ਅਤੇ Physicians for Human Rights ਵੱਲੋਂ ਜਾਰੀ ਕੀਤੀ ਗਈ ਸਾਂਝੀ ਰਿਪੋਰਟ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ U.S. Immigration and Customs Enforcement ਦੀ ਹਿਰਾਸਤ ਵਿੱਚ ਮੌਤਾਂ ਦੀ ਦਰ ਪਿਛਲੇ ਦਸ ਸਾਲਾਂ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ।ਰਿਪੋਰਟ ਮੁਤਾਬਕ ਜਨਵਰੀ 2025 ਵਿੱਚ ਟਰੰਪ ਦੇ ਵ੍ਹਾਈਟ ਹਾਊਸ ਵਾਪਸ ਆਉਣ ਤੋਂ ਬਾਅਦ ਹੁਣ ਤੱਕ ਘੱਟੋ-ਘੱਟ 52 ਲੋਕਾਂ ਦੀ ਮੌਤ ਆਈਸੀਈ ਦੀ ਹਿਰਾਸਤ ਦੌਰਾਨ ਹੋ ਚੁੱਕੀ ਹੈ।

ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ, ਨਵੇਂ ਡਿਟੈਨਸ਼ਨ ਸੈਂਟਰਾਂ ਦਾ ਵਿਸਥਾਰ ਅਤੇ ਲੰਬੇ ਸਮੇਂ ਤੱਕ ਹਿਰਾਸਤ ਵਿੱਚ ਰੱਖੇ ਜਾਣ ਕਾਰਨ ਸਿਹਤ ਸੇਵਾਵਾਂ 'ਤੇ ਭਾਰੀ ਦਬਾਅ ਪਿਆ ਹੈ।ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਨਵਰੀ 2025 ਤੋਂ ਜਨਵਰੀ 2026 ਦੇ ਵਿਚਕਾਰ ਆਈਸੀਈ ਹਿਰਾਸਤ ਵਿੱਚ ਸਾਲਾਨਾ ਮੌਤ ਦਰ ਪਿਛਲੇ ਸਾਲ ਦੇ ਮੁਕਾਬਲੇ 140 ਫ਼ੀਸਦੀ ਵਧੀ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਵਾਧਾ ਸਿਰਫ਼ ਡਿਟੇਨੀਆਂ ਦੀ ਵਧੀ ਹੋਈ ਗਿਣਤੀ ਨਾਲ ਨਹੀਂ ਸਮਝਾਇਆ ਜਾ ਸਕਦਾ। ਉਨ੍ਹਾਂ ਦੇ ਅਨੁਸਾਰ ਮੌਤਾਂ ਦੀ ਦਰ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਦੇ ਕਾਰਜਕਾਲ ਨਾਲੋਂ ਲਗਭਗ ਚਾਰ ਗੁਣਾ ਅਤੇ ਟਰੰਪ ਦੇ ਪਹਿਲੇ ਕਾਰਜਕਾਲ (2017-2021) ਨਾਲੋਂ ਵੀ ਦੁੱਗਣੀ ਤੋਂ ਵੱਧ ਹੈ।Human Rights Watch ਦੀ ਖੋਜਕਰਤਾ ਰੀਗਨ ਵਿਲੀਅਮਜ਼, ਜੋ ਇਸ ਰਿਪੋਰਟ ਦੀ ਸਹਿ-ਲੇਖਕ ਵੀ ਹਨ, ਨੇ ਕਿਹਾ ਕਿ ਆਈਸੀਈ ਹਿਰਾਸਤ ਵਿੱਚ ਮੌਤਾਂ ਦੀ ਦਰ ਤੇਜ਼ੀ ਨਾਲ ਵਧੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਇਸ ਸੰਕਟ ਨੂੰ ਦੂਰ ਕਰਨ ਦੀ ਬਜਾਏ ਹੋਰ ਵੱਧ ਲੋਕਾਂ ਨੂੰ ਲੰਬੇ ਸਮੇਂ ਲਈ ਹਿਰਾਸਤ ਵਿੱਚ ਰੱਖਣ 'ਤੇ ਆਪਣੇ ਸਰੋਤ ਖਰਚ ਕਰ ਰਿਹਾ ਹੈ।

ਰਿਪੋਰਟ ਵਿੱਚ ਕਈ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇੱਕ 44 ਸਾਲਾ ਯੂਕਰੇਨੀ ਵਿਅਕਤੀ ਨੂੰ ਹਿਰਾਸਤ ਦੌਰਾਨ ਸਟ੍ਰੋਕ ਆਇਆ, ਪਰ ਦੌਰੇ ਵਰਗੇ ਸਪੱਸ਼ਟ ਲੱਛਣ ਹੋਣ ਦੇ ਬਾਵਜੂਦ ਉਸ ਨੂੰ ਸਮੇਂ ਸਿਰ ਢੁੱਕਵਾਂ ਇਲਾਜ ਨਹੀਂ ਮਿਲਿਆ। ਇੱਕ ਹੋਰ ਮਾਮਲੇ ਵਿੱਚ 39 ਸਾਲਾ ਮੈਕਸੀਕਨ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਰਿਪੋਰਟ ਅਨੁਸਾਰ ਉਸ ਦੇ ਸਰੀਰ ਵਿੱਚ ਇਨਫੈਕਸ਼ਨ ਸੀ ਅਤੇ ਉਸ ਵੱਲੋਂ ਵਾਰ-ਵਾਰ ਡਾਕਟਰੀ ਸਹਾਇਤਾ ਮੰਗਣ ਦੇ ਬਾਵਜੂਦ ਢੁੱਕਵਾਂ ਇਲਾਜ ਨਹੀਂ ਦਿੱਤਾ ਗਿਆ, ਜਿਸ ਕਾਰਨ ਹਾਲਤ ਵਿਗੜਦੀ ਗਈ।ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਆਈਸੀਈ ਹਿਰਾਸਤ ਵਿੱਚ ਆਤਮਹੱਤਿਆ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੈ। ਜਨਵਰੀ 2025 ਤੋਂ ਜਨਵਰੀ 2026 ਦੇ ਵਿਚਕਾਰ ਸੱਤ ਲੋਕਾਂ ਨੇ ਖੁਦਕੁਸ਼ੀ ਕੀਤੀ, ਜਦਕਿ 2024 ਵਿੱਚ ਅਜਿਹਾ ਕੇਵਲ ਇੱਕ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਨੂੰ ਮਾਨਸਿਕ ਸਿਹਤ ਸੇਵਾਵਾਂ ਅਤੇ ਨਿਗਰਾਨੀ ਵਿੱਚ ਕਮੀਆਂ ਨਾਲ ਜੋੜਿਆ ਗਿਆ ਹੈ।


ਦੂਜੇ ਪਾਸੇ, ਅਮਰੀਕੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਰਿਪੋਰਟ ਦੇ ਨਤੀਜਿਆਂ ਨਾਲ ਅਸਹਿਮਤੀ ਜਤਾਈ ਹੈ। ਵਿਭਾਗ ਦੇ ਇੱਕ ਬੁਲਾਰੇ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦੌਰਾਨ ਆਈਸੀਈ ਹਿਰਾਸਤ ਵਿੱਚ ਮੌਤਾਂ ਦੀ ਦਰ ਕੁੱਲ ਡਿਟੇਨੀਆਂ ਦਾ ਸਿਰਫ਼ 0.009 ਫ਼ੀਸਦੀ ਹੈ, ਜੋ ਪਿਛਲੇ ਦਸ ਸਾਲਾਂ ਦੇ ਅੰਕੜਿਆਂ ਦੇ ਅਨੁਕੂਲ ਹੈ। ਧ੍ਰਿਸ਼ ਦਾ ਦਾਅਵਾ ਹੈ ਕਿ ਡਿਟੈਨਸ਼ਨ ਸੈਂਟਰਾਂ ਦੇ ਵਿਸਥਾਰ ਦੇ ਬਾਵਜੂਦ ਮੈਡੀਕਲ ਸਹੂਲਤਾਂ ਦਾ ਮਿਆਰ ਅਮਰੀਕਾ ਦੀਆਂ ਬਹੁਤੀਆਂ ਜੇਲ੍ਹਾਂ ਨਾਲੋਂ ਉੱਚਾ ਹੈ।





## ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ




ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ
ਦਾ ਜਨਮ ਦਿਹਾੜਾ 2 ਜੂਨ 2026




4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ
ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ

16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ |




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




**Address : 3636 Gurdwara Ave, San Jose, CA, 95148 | www.sanjosegurdwara.com | (408) 274-9373**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 233**

ਗਉੜੀ ਮਹਲਾ ੩ ॥

ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ ਸਬਦਿ ਮਨੁ ਰੰਗਿਆ ਲਿਵ ਲਾਇ ॥ ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥ ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥ ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥ ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥ ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥ ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥ ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥ {ਪੰਨਾ 233}

ਭਾਵ ਅਰਥ:-

ਹੇ ਭਾਈ ! ਜਦੋਂ ਅਕਾਲ ਪੁਰਖ ਨਾਲ ਬੰਦੇ ਦੀ ਨੀਝ ਜੁੜ ਜਾਂਦੀ ਹੈ ਤਾਂ ਮਨ ਆਪਣੇ ਆਪ ਨਿਰਲੇਪ ਸਵੱਛ ਤੇ ਸਹਜਿ ਅਵਸਥਾ ਵਿੱਚ ਆ ਜਾਂਦਾ ਹੈ। ਇਸ ਤਰ੍ਹਾਂ ਪ੍ਰਭੂ ਪਰਮਾਤਮਾ ਦਇਆਲ ਹੋ ਕੇ ਬੰਦੇ ਨੂੰ ਆਪਣੇ ਦਰਬਾਰ ਵਿੱਚ ਆਪਣੇ ਚਰਨ ਕਮਲਾਂ ਵਿੱਚ ਜਗ੍ਹਾ ਪ੍ਰਧਾਨ ਕਰ ਦਿੰਦਾ ਹੈ ॥੧॥

ਜਦੋਂ ਮਨੁੱਖ ਸੱਚੇ ਦਿਲੋਂ ਗੁਰੂ ਦੀ ਆਗਿਆ ਦਾ ਪਾਲਣ ਕਰਦਾ ਹੈ ਤਾਂ ਆਪਣੇ ਮਨ ਨੂੰ ਅਭਿਮਾਨ ਤੋਂ ਸਾਫ ਕਰ ਲੈਂਦਾ ਹੈ । ਇਸ ਤਰ੍ਹਾਂ ਫਿਰ ਗੁਰੂ ਦੀ ਆਗਿਆ ਵਿੱਚ ਚੱਲ ਕੇ ਉਸ ਨਾਰਾਇਣ ਪ੍ਰਭੂ ਨੂੰ ਇੱਕ ਖਜਾਨੇ ਵਾਂਗ ਪ੍ਰਾਪਤ ਕਰ ਲੈਂਦਾ ਹੈ॥੧॥ ਰਹਾਉ॥

ਜਦ ਹਿਰਦਾ ਪ੍ਰਭੂ ਪ੍ਰੇਮ ਵਿੱਚ ਰੰਗਿਆ ਜਾਂਦਾ ਹੈ ਤਾਂ ਉਸਦੇ ਅੰਦਰੋਂ ਹਰ ਤਰ੍ਹਾਂ ਦਾ ਡਰ ਭਉ ਖਤਮ ਹੋ ਜਾਂਦਾ ਹੈ , ਕਿਉਂਕਿ ਹਰ ਹਿਰਦੇ ਵਿੱਚ ਉਹ ਦਾਤਾਰ ਆਪ ਵੱਸਦਾ ਹੈ ਅਤੇ ਉਹ ਪਾਰਬ੍ਰਹਮ ਪਰਮੇਸ਼ਵਰ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ॥੨॥

ਹੇ ਬੰਦਿਆ ! ਪ੍ਰਭੂ ਦੇ ਦਾਸਾਂ ਦਾ ਦਾਸ ਬਣ ਜਾ ਜਿਸ ਨਾਲ ਆਪਣੇ ਆਪ ਤੋਂ ਉਸ ਅਕਾਲ ਪੁਰਖ ਤੱਕ ਪਹੁੰਚ ਬਣਾ ਲਏਂਗਾ ਅਤੇ ਉਸ ਦੇ ਨਾਮ ਗੁਣ ਦੀ ਚਰਚਾ ਆਪਣੇ ਆਪ ਤੋਂ ਕਰਨ ਲੱਗ ਜਾਏਂਗਾ॥੩॥

ਉਸ ਲੰਬੇ ਜੀਵਨ ਨੂੰ ਧਿਕਾਰ ਹੈ, ਜਿਸ ਵਿੱਚ ਬੰਦਾ ਰਾਮ ਪ੍ਰਭੂ ਦੇ ਨਾਮ ਨਾਲ ਲਿਵ ਨਹੀਂ ਲਾਉਂਦਾ, ਉਹ ਸੇਜ ਵੀ ਧਿਕਾਰ ਦੇ ਯੋਗ ਹੈ, ਜਿਸ ਵਿੱਚ ਸੁੰਦਰ ਔਰਤ ਅਰਾਮ ਦਾ ਸਾਧਨ ਹੈ। ਕੇਵਲ ਤੇ ਕੇਵਲ ਇੱਕ ਉਹੀ ਜੀਵਨ ਸਫਲਾ ਮੰਨਿਆ ਜਾਂਦਾ ਹੈ ਜਿਸ ਵਿੱਚ ਅਪਰੰਪਾਰ ਪ੍ਰਭੂ ਪਰਮਾਤਮਾ ਨਾਲ ਬੰਦਾ ਚਿੱਤ ਜੋੜਦਾ ਹੈ॥੪॥

ਉਹ ਪਰਿਵਾਰ ਵੀ ਧਿਕਾਰਯੋਗ ਹੈ ਜਿਸ ਵਿੱਚ ਕਰਤਾਰ ਪ੍ਰਭੂ ਦਾ ਨਾਮ ਨਹੀਂ ਲਿਆ ਜਾਂਦਾ।

ਸਾਡਾ ਤਾਂ ਸੱਜਣ ਬੇਲੀ ਉਹੀ ਹੈ ਜਿਹੜਾ ਪ੍ਰਭੂ ਪਰਮਾਤਮਾ ਦਾ ਨਾਮ ਲੇਵਾ ਹੈ । ਦਾਤੇ ਬਿਨਾ ਹੋਰ ਕੋਈ ਨਹੀਂ ਹੈ॥੫

ਸੱਚੇ ਗੁਰੂ ਦੀ ਆਗਿਆ ਵਿੱਚ ਰਹਿ ਕੇ (ਚੰਗੇ ਆਚਰਣ ਕਾਰਨ) ਅਸੀਂ ਗਤੀ ਦੇ ਯੋਗ ਹੁੰਦੇ ਹਾਂ ਅਤੇ ਇੱਜਤ ਪੱਤ ਸਦਾ ਬਰਕਰਾਰ ਰਹਿੰਦੀ ਹੈ ।( ਗੁਰੂ ਦੇ ਮਾਰਗਦਰਸ਼ਨ ਦੇ ਨਾਲ) ਜੀਵਨ ਦੁੱਖਾਂ ਤੋਂ ਦੂਰ ਅਤੇ ਅਨੰਦਮਈ ਬਣ ਜਾਂਦਾ ਹੈ॥੬॥

ਹੇ ਭਾਈ! ਜਦੋਂ ਸਾਨੂੰ ਗੁਰੂ ਮਿਲ ਗਿਆ ਤਾਂ( ਉਹਦੀ ਸਿੱਖਿਆ ਨੂੰ ਫੜ ਕੇ ਭਾਵ ਨਾਮ ਨਾਲ ਜੁੜ ਕੇ) ਸਰੀਰ ਸ਼ੁੱਧ ਸਪਸ਼ਟ ਪਵਿੱਤਰ ਹੋ ਗਿਆ ਹੈ। ਜਿਸ ਵਿੱਚੋਂ ਹੰਕਾਰ ਤੇ ਤ੍ਰਿਸ਼ਨਾ ਦੀ ਅਗਨੀ ਬੁਝ ਗਈ ਹੈ। ਇਸੇ ਦੇ ਨਾਲ ਨਾਲ ਕ੍ਰੋਧ ਵਰਗਾ ਚੰਡਾਲ ਭਸਮ ਹੋ ਗਿਆ ਹੈ ਤੇ ਉਹਦੀ ਥਾਂ ਖਿਮਾ ਯਾਚਨਾ ਨੇ ਲੈ ਲਈ ਹੈ॥੭॥

ਇਹ ਉਸ ਭਗਵਾਨ ਦੀ ਆਪਣੀ ਹੀ ਕਿਰਪਾ ਸਦਕਾ ਉਹਦਾ ਨਾਮ ਬੰਦੇ ਨੂੰ ਮਿਲਦਾ ਹੈ ਉਹ ਵੀ ਉਸ ਬੰਦੇ ਨੂੰ ਜਿਹੜਾ ਗੁਰੂ ਦੀ ਆਗਿਆ ਮੰਨਦਾ ਹੈ। ਹੇ ਨਾਨਕ ਮੈਂ ਉਸ ਅਦਿੱਖ ਪ੍ਰਭੂ ਪਰਮਾਤਮਾ ਦਾ ਨਾਮ ਜਪਣਾ, ਨਾਮ ਸਿਮਰਨਾ ਕਰਦਾ ਹਾਂ॥੮॥

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਬੈਰਾਗਣਿ ਮਹਲਾ ੩

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥੧॥ ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥੧॥ ਰਹਾਉ ॥ ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥ ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥ ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ ॥੩॥ ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ ॥ ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥੪॥ ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥ ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥ ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥ ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥ ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥ ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥ ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥ {ਪੰਨਾ 233-234}

ਭਾਵ ਅਰਥ:-

ਹੇ ਭਾਈ! ਸੱਚੇ ਗੁਰੂ ਵੱਲੋਂ ਮੂੰਹ ਫੇਰਨ ਵਾਲੇ ਨੂੰ ਬੇਮੁਖ ਕਿਹਾ ਜਾਂਦਾ ਹੈ। ਅਜੇਹੇ ਮਨੁੱਖਾਂ ਨੂੰ ਜਮਾਂ ਦੁਆਰਾ ਬੰਨ ਬੰਨ ਕੇ ਮਾਰਿਆ ਜਾਂਦਾ ਹੈ ਤੇ ਲੰਘ ਗਿਆ ਵੇਲਾ ਹੱਥ ਨਹੀਂ ਆਉਂਦਾ॥੧॥

ਹਰਿ ਪ੍ਰਭੂ ਦੀ ਕਿਰਪਾ ਹੋ ਜਾਵੇ ਤਾਂ ਸਾਧ ਸੰਗਤ ਮਿਲ ਜਾਂਦੀ ਹੈ ਜਿਸ ਨਾਲ ਉਸ ਪਾਰਬ੍ਰਹਮ ਪਰਮੇਸ਼ਵਰ ਦਾ ਸਿਮਰਨ ਕਰਨ ਨਾਲ ਗੁਣ ਗਾਉਣ ਨਾਲ ਉਹ ਦਾਤਾ ਹਿਰਦੇ ਅੰਦਰ ਵੱਸ ਜਾਂਦਾ ਹੈ॥੧॥ ਰਹਾਉ॥ ਹੇ ਭਾਈ ਉਸ ਗੋਬਿੰਦ ਪ੍ਰਭੂ ਨੂੰ ,ਉਹ ਭਗਤ ਚੰਗੇ ਲੱਗਦੇ ਹਨ ਜਿਨਾਂ ਦਾ ਗੁਰੂ ਵੱਲ ਮੁੱਖ ਹੋਵੇ ਅਤੇ ਉਹਦੀ ਆਗਿਆ ਵਿੱਚ ਰਹਿ ਕੇ ਚਲਦੇ ਹੋਣ। ਆਪਣੀ ਹਉਮੈ ਤਿਆਗ ਕੇ ਸਮਰਪਣ ਦੀ ਭਾਵਨਾ ਨਾਮ ਬਾਣੀ ਦੁਆਰਾ ਸੇਵਾ ਭਾਵਨਾ ਵਿੱਚ ਰੁਝੇ ਰਹਿਣ ਤੇ ਆਪਣੀਆਂ ਵਾਧੂ ਦੀਆਂ ਭਾਵਨਾਵਾਂ ਕਾਮਨਾਵਾਂ ਨੂੰ ਮਾਰ ਸੁੱਟਣ॥੨॥

ਹੇ ਭਾਈ ! ਜਿਸ ਨੇ ਇਹ ਜਿੰਦ ਜਾਨ ਦਿੱਤੀ ਹੈ ਉਸ ਦੇ ਅੱਗੇ ਸਿਰ ਨਿਵਾਉਣਾ ਮਨੁੱਖ ਦਾ ਫਰਜ ਹੈ। ਉਸ ਜੀਵਨ ਦੇਣ ਵਾਲੇ ਦਾਤੇ ਨੂੰ ਕਦੇ ਵੀ ਹਿਰਦੇ ਵਿੱਚੋਂ ਵਿਸਾਰਨਾ ਨਹੀਂ ਚਾਹੀਦਾ॥੩॥

ਹੇ ਮਿੱਤਰੋ !ਪ੍ਰਭੂ ਪਰਮਾਤਮਾ ਦੇ ਨਾਮ ਨਾਲ ਲਿਵ ਲਾਉਣ ਨਾਲ ਇੱਜਤ ਪੱਤ ਦੀ ਪ੍ਰਾਪਤੀ ਹੁੰਦੀ ਹੈ, ਨਾਲੇ ਹਰ ਤਰ੍ਹਾਂ ਦੇ ਸੁੱਖ ਹਾਸਿਲ ਹੁੰਦੇ ਹਨ। ਨਾਲ ਹੀ ਕਰਮਾਂ ਅਤੇ ਚੰਗੇ ਭਾਗਾਂ ਨਾਲ ਸੱਚੇ ਗੁਰੂ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ॥੪॥

ਜਿਹੜੇ ਜੀਵ ਸੱਚੇ ਗੁਰੂ ਤੋਂ ਮੂੰਹ ਮੋੜਦੇ ਹਨ ਉਹਨਾਂ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ, ਟਿਕਾਣਾ ਨਹੀਂ ਮਿਲਦਾ, ਭਟਕਦੇ ਹੀ ਰਹਿ ਜਾਂਦੇ ਹਨ। ਅਜਿਹੇ ਮਨੁੱਖਾਂ ਨੂੰ ਨਾ ਧਰਤੀ ਤੇ ਨਾ ਹੀ ਅਸਮਾਨ ਝਲਦਾ ਹੈ, ਆਖਿਰ ਨੂੰ ਗੰਦਗੀ ਵਿੱਚ ਹੀ ਮਰ ਜਾਂਦੇ ਹਨ॥੫॥

ਹੇ ਭਾਈ! ਇਸ ਜਗਤ ਵਿੱਚ ਮੋਹ ਦੀ ਠੱਗ ਬੂਟੀ ਨੇ ਸਭ ਨੂੰ ਆਪਣੇ ਆਗੋਸ਼ ਵਿੱਚ ਲੈ ਰੱਖਿਆ ਹੈ। ਕੇਵਲ ਤੇ ਕੇਵਲ ਉਹ ਲੋਕ ਇਸ ਤੋਂ ਬਚੇ ਰਹਿੰਦੇ ਹਨ ਜਿਨਾਂ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਹੋ ਗਈ ਹੋਵੇ॥੬॥

ਜਿਹੜੇ ਮਨੁੱਖ ਸੱਚੇ ਗੁਰੂ ਦੀ ਕਹਿਣੀ ਅਨੁਸਾਰ ਚਲਦੇ ਹਨ, ਪਰਮਾਤਮਾ ਦੇ ਨਾਮ ਰੰਗ ਵਿੱਚ ਰੰਗੇ ਰਹਿੰਦੇ ਹਨ, ਉਹਨਾਂ ਦੇ ਅੰਦਰੋਂ ਹਰ ਤਰ੍ਹਾਂ ਦੀ ਹੰਕਾਰ ਆਦਿਕ ਅਤੇ ਦੂਜੇ ਵਿਕਾਰਾਂ ਦੀ ਮੈਲ ਖਤਮ ਹੋ ਜਾਂਦੀ ਹੈ॥੭॥

ਦਾਸ ਨਾਨਕ ਫਰਮਾਉਂਦੇ ਹਨ! ਹੇ ਦਾਤਾ ਸਿਰਫ ਇੱਕ ਤੂੰ ਹੀ ਹੈਂ ਜੋ ਸਾਨੂੰ ਪਾਪਾਂ ਤੋਂ ਬਖਸ਼ਦਾ ਹੈਂ, ਮੈਂ ਤੇਰੀ ਸਰਨੀ ਪਿਆ ਹਾਂ ,ਤੇਰੀ ਰਜਾ ਹੈ ,ਤੂੰ ਮੈਨੂੰ ਜਿੱਦਾਂ ਮਰਜ਼ੀ ਰੱਖ, ਚਾਹੇ ਪਾਪਾਂ ਤੋਂ ਛੁਡਾ ਅਤੇ ਚਾਹੇ ਨਾ ਛੁਡਾ॥੮॥

**ਅੰਗ 234**

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ੴ ਸਤਿਗੁਰ ਪ੍ਰਸਾਦਿ ॥

ਪ੍ਰਸੰਗ:-

ਉਪਰੋਕਤ ਬਾਣੀ ਚੌਥੇ ਨਾਨਕ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੁਆਰਾ ਰਾਗ ਗਉੜੀ ਪੂਰਬੀ ਦੇ ਵਿੱਚ ਕਰਹਲੇ ਸਿਰਲੇਖ ਹੇਠ ਉਚਰਿਤ ਹੈ ਜੋ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 314 ਉਪਰ ਸੁਬਾਏਮਾਨ ਹੈ। ਕਰਹਲੇ ਦਾ ਮਤਲਬ ਹੈ ਊਠ ਦਾ ਉਹ ਛੋਟਾ ਜਿਹਾ ਬੱਚਾ ਜਿਹੜਾ ਬਹੁਤ ਹੀ ਚੰਚਲ ਹੈ ਸੋ ਉਪਰੋਕਤ ਬਾਣੀ ਦੇ ਵਿੱਚ ਸੱਚੇ ਪਾਤਸ਼ਾਹ ਨੇ ਮਨ ਦੀ ਚੰਚਲਤਾ ਦੀ ਤੁਲਨਾ ਇਸ ਚੰਚਲ ਊਠ ਤੇ ਬੱਚੇ ਨਾਲ ਕੀਤੀ ਹੈ।ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥ ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥ ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥ ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥ ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥ ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥ ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥ ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ ॥ ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥ ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥ {ਪੰਨਾ 234}

ਭਾਵ ਅਰਥ:-

ਹੇ ਮੇਰੇ ਮਾਂਏਂ ,ਮੈਨੂੰ ਦੱਸਣਾ ਕਰ ਕਿ ਮੇਰਾ ਮਨ ਬੜਾ ਚੰਚਲ ਹੈ ਤੇ ਮੈਂ ਉਸ ਵਾਹਿਗੁਰੂ ਸੱਚੇ ਪਾਤਸ਼ਾਹ ਨੂੰ ਕਿਵੇਂ ਮਿਲ ਸਕਦਾ ਹਾਂ। ਫਿਰ ਪਾਤਸ਼ਾਹ ਫਰਮਾਉਂਦੇ ਹਨ ਜੇ ਉਸ ਪਰਮਾਤਮਾ ਨੇ ਬੰਦੇ ਦੇ ਮੱਥੇ ਤੇ ਭਾਗ ਲਿਖੇ ਹੋਏ ਹੋਣ ਤਾਂ ਉਸਦਾ ਮਿਲਾਪ ਠਾਕੁਰ ਨਾਲ ਜਰੂਰ ਹੁੰਦਾ ਹੈ॥੧॥

ਹੇ ਮੇਰੇ ਚੰਚਲ ਮਨਾ, ਜਿਹੜਾ ਤੂੰ ਊਠ ਦੇ ਬੱਚੇ ਵਾਂਗ ਬਹੁਤ ਜਿਆਦਾ ਅਸਥਿਰ ਹੈ, ਤੂੰ ਸੱਚੇ ਗੁਰੂ ਦੇ ਲੜ ਲੱਗ ਕੇ ਹੀ ਉਸ ਪਰਮਾਤਮਾ ਨੂੰ ਪਾ ਸਕਦਾ ਹੈ॥੧॥ ਰਹਾਉ॥

ਹੇ ਮੇਰੇ ਚੰਚਲ ਮਨਾ ! ਤੂੰ ਪਰਮਾਤਮਾ ਦੇ ਨਾਮ ਦੇ ਵਿਚਾਰ ਨਾਲ ਜੁੜ ਅਤੇ ਉਸ ਨੂੰ ਸਿਮਰਨਾ ਕਰ। ਫਿਰ ਉਸ ਧਰਮਰਾਜ ਦੀ ਕਚਹਿਰੀ ਵਿੱਚ ਜਦੋਂ ਤੇਰੇ ਤੋਂ ਕਰਮਾਂ ਦਾ ਲੇਖਾ ਮੰਗਿਆ ਜਾਏਗਾ, ਉਹ ਅਕਾਲ ਪੁਰਖ ਆਪੇ ਹੀ ਆ ਕੇ ਤੈਨੂੰ ਛਡਾ ਲਏਗਾ॥੨॥

ਹੇ ਮੇਰੇ ਚੰਚਲ ਮਨਾ , ਤੂੰ ਬੇਅੰਤ ਪਵਿੱਤਰ ਹੈ ਪਰ ਤੈਨੂੰ ਹਉਮੈ ਦੀ ਮੈਲ ਲੱਗ ਚੁੱਕੀ ਹੈ, ਤੇਰੇ ਸਾਹਮਣੇ ਤੇਰੇ ਅੰਦਰ ਸਾਕਸ਼ਾਤ ਉਹ ਭਗਵਾਨ ਬੈਠਾ ਹੈ ,ਪਰ ਤੂੰ ਉਸਤੋਂ ਫਿਰ ਵੀ ਵਿਛੜਿਆ ਚੋਟਾ ਖਾਂਦਾ ਹੈਂ ਮਾਰਾਂ ਖਾਂਦਾ ਹੈਂ॥੩॥

ਹੇ ਮੇਰੇ ਚੰਚਲ ਮਨ! ਉਹ ਸਦਾ ਥਿਰ ਭਗਵਾਨ ਆਪ ਹੀ ਕਿਰਪਾ ਦੇ ਘਰ ਆ ਕੇ(ਭਾਵ ਆਪਣੀ ਬਾਣੀ ਨਾਲ ਜੋੜ ਕੇ) ਆਪਣਾ ਪਤਾ ਹਿਰਦੇ ਅੰਦਰ ਦੱਸ ਦਿੰਦਾ ਹੈ।,।੪॥

ਹੇ ਮੇਰੇ ਪ੍ਰੀਤਮ ਪਿਆਰੇ ਪ੍ਰਭੂ ! ਮੇਰੇ ਚੰਚਲ ਮਨ ਨੂੰ ਦਿਨ ਰਾਤ ਆਪਣੇ ਨਾਮ ਨਾਲ ਜੋੜ ਲੈ ,ਇਸ ਤਰਾਂ ਮੈਨੂੰ ਤੇਰੇ ਦਰਬਾਰ ਵਿੱਚ ਢੋਈ ਮਿਲ ਜਾਏਗੀ॥੫॥

ਹੇ ਮੇਰੇ ਚੰਚਲ ਮਨਾ ਤੂੰ ਮੇਰਾ ਸੱਜਣ ਮਿੱਤਰ ਹੈਂ ,ਤੂੰ ਇਹ ਪਖੰਡ ਲੋਭ ਲਾਲਚ ਆਦਿ ਤਿਆਗ ਦੇ। ਅਜਿਹੇ ਲੋਭੀਆਂ ਲਾਲਚੀਆਂ ਨੂੰ ਧਰਮਰਾਜ ਦੇ ਘਰ ਸਜਾ ਮਿਲਦੀ ਹੈ॥੬॥

ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥ ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥ ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥ ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥ ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥ ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥ {ਪੰਨਾ 234}

ਹੇ ਮੇਰੇ ਚੰਚਲ ਮਨਾ, ਤੂੰ ਮੇਰੀ ਜਾਨ ਪ੍ਰਾਣ ਹੈਂ ,ਪਰ ਪਖੰਡ ਭਰਮ ਵਹਿਮ ਆਦਿ ਵਰਗੀਆਂ ਗੰਦੇ ਚਰਿਤਰ ਨੂੰ ਤਿਆਗ ਦੇਵੇਂ ਤਾਂ ਤੈਨੂੰ ਆਪਣੀ ਮੈਲ ਉਤਾਰਨ ਦਾ ਤਰੀਕਾ ਮੈਂ ਦੱਸਦਾ। ਗੁਰੂ ਦੇ ਮਗਰ ਲੱਗ ਜੋ ਇੱਕ ਅੰਮ੍ਰਿਤ ਦਾ ਸਰੋਵਰ ਹੈ ,ਜਿਸ ਨੂੰ ਮਿਲ ਕੇ ਤੇਰੇ ਅੰਦਰ ਦੀ ਹਰ ਤਰਾਂ ਦੀ ਮੈਲ ਉੱਤਰ ਜਾਏਗੀ॥੭॥

ਹੇ ਮੇਰੇ ਚੰਚਲ ਮਨਾ, ਸਿਰਫ ਤੇ ਸਿਰਫ ਗੁਰੂ ਦੀ ਆਗਿਆ ਸੁਣ ਅਤੇ ਉਹਨੂੰ ਅਮਲ ਵਿੱਚ ਲਿਆ, ਜਿਸ ਨਾਲ ਇਹ ਸੰਸਾਰਿਕ ਮੋਹ ਮਾਇਆ ਦਾ ਤੂੰ ਤਿਆਗ ਕਰ ਸਕੇਂਗਾ, ਜਿਸ ਨੇ ਕਦੇ ਤੇਰੇ ਨਾਲ ਨਹੀਂ ਜਾਣਾ॥੮॥

ਹੇ ਮੇਰੇ ਚੰਚਲ ਮਨਾ! ਆਪਣੇ ਆਪ ਦੀਆਂ ਵਾਧੂ ਭਾਵਨਾਵਾਂ ਨੂੰ ਤਿਆਗ ਕੇ ਸੱਜਣ ਪ੍ਰੀਤਮ ਪਿਆਰੇ ਪ੍ਰਭੂ ਪਰਮਾਤਮਾ ਨੂੰ ਜੇ ਤੂੰ ਮਨਾ ਲਏਂਗਾ ਤਾਂ ਤੇਰੀ ਇੱਜਤ ਪੱਤ ਬਰਕਰਾਰ ਹੋ ਜਾਏਗੀ॥ ਤੈਨੂੰ ਉਹ ਦਾਤਾ ਆਪਣੇ ਦਰਬਾਰ ਦਾ ਰਸਤਾ ਆਪ ਦੱਸੇਗਾ ਅਤੇ ਆਪਣੇ ਦਰਬਾਰ ਵਿੱਚ ਬੁਲਾ ਕੇ ਆਪ ਆਪਣੇ ਗਲ ਲਾਏਗਾ॥੯॥

ਹੇ ਮੇਰੇ ਚੰਚਲ ਮਨਾ ! ਗੁਰੂ ਦੇ ਮਾਰਗ ਦਰਸ਼ਨ ਮੁਤਾਬਿਕ ਕਰਮ ਕਰ ਉਸ ਤਰ੍ਹਾਂ ਜਿਵੇਂ ਗੁਰਮੁਖ ਕਰਿਆ ਕਰਦੇ ਨੇ, ਉਸ ਸੱਚੇ ਗੁਰੂ ਦੇ ਅੱਗੇ ਹੱਥ ਜੋੜ ਕੇ ਬੇਨਤੀ ਰਤ ਹੋ ਕਿ ਮੈਨੂੰ ਨਾਨਕ ਨੂੰ ਪਾਰਬ੍ਰਹਮ ਪਰਮੇਸ਼ਵਰ ਨਾਲ ਮਿਲਾ ਦੇ॥੧੦॥

ਗਉੜੀ ਮਹਲਾ ੪ ॥

ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥ ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥ ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥ ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ ॥ ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥ ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥ ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥ ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥ ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥ ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥ ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥ {ਪੰਨਾ 234-235}

ਭਾਵ ਅਰਥ:-

ਹੇ ਮੇਰੇ ਆਪ ਮੁਹਾਰੇ ਮਨਾ, ਉਸ ਦਿਆਲੂ ਪਰਮਾਤਮਾ ਦਾ ਨਾਮ ਮਨ ਵਿੱਚ ਵਿਚਾਰ ਜਿਸ ਨੇ ਤੇਰੀ ਦੇਖ ਭਾਲ ਕੀਤੀ ਹੈ ਤੇ ਸਦਾ ਕਰਨੀ ਹੈ, ਤੂੰ ਤਾਂ ਇਸ ਤਰਾਂ (ਮੂੰਹ ਚੁੱਕ ਕੇ) ਫਿਰਦਾ ਹੈਂ ਜਿਵੇਂ ਜੰਗਲ ਵਿੱਚ ਫਿਰ ਰਿਹਾ ਹੋਵੇਂ, ਇਸ ਦੀ ਬਜਾਏ ਉਸ ਆਪਣੇ ਪਤੀ ਪਰਮੇਸ਼ਵਰ ਪ੍ਰਭੂ ਪਰਮਾਤਮਾ ਦੇ ਨਾਲ ਮਨ ਜੋੜ (ਗੁਰੂ ਦੀ ਮੱਤ ਲੈ ਕੇ) ਜਿਸ ਨੇ ਤੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨੀਆਂ ਹਨ, ਲੋੜਾਂ ਪੂਰੀਆਂ ਕਰਨੀਆਂ ਹਨ॥੧॥

ਹੇ ਚੰਚਲ ਮਨਾ! ਤੈਨੂੰ ਕੇਵਲ ਤੇ ਕੇਵਲ ਗੋਵਿੰਦ ਪ੍ਰਭੂ ਨੇ ਹੀ ਸੰਭਾਲਣਾ ਹੈ॥੧॥ ਰਹਾਉ॥

ਤੇ ਮੇਰੇ ਆਪ ਮੁਹਾਰੇ ਮਨਾ, ਇਹ ਸੋਚ ਆਪਣੇ ਅੰਦਰ ਲੈ ਕੇ ਆ ਕਿ ਮਨ ਦੇ ਮਗਰ ਲੱਗਣ ਵਾਲੇ ਇੱਕ ਦਿਨ ਬਹੁਤ ਵੱਡੇ ਜਾਲ ਵਿੱਚ ਫਸ ਜਾਂਦੇ ਹਨ। ਗੁਰੂ ਦੇ ਮਗਰ ਲੱਗਣ ਵਾਲੇ ਜੀਵ ਗੁਰੂ ਦੀ ਸਿੱਖਿਆ ਉੱਤੇ ਚੱਲਣ ਨਾਲ ਪਰਮਾਤਮਾ ਨੂੰ ਪਾ ਕੇ ਇਸ ਸੰਸਾਰ ਸਾਗਰ ਤੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ॥੨॥

ਹੇ ਮੇਰੇ ਚੰਚਲ ਮਨਾ ਤੂੰ ਸੱਚੀ ਸੰਗਤ ਅਤੇ ਸੱਚੇ ਗੁਰੂ ਦੀ ਭਾਲ ਕਰ ਜਿਨਾਂ ਦੀ ਸੰਗਤ ਵਿੱਚ ਰਹਿ ਕੇ ਤੂੰ ਉਸ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੋਵੇਂ ,ਜਿਸ ਨੇ ਤੈਨੂੰ ਸਾਥ ਦੇਣਾ ਹੈ॥੩॥

ਹੇ ਮੇਰੇ ਆਪ ਮੁਹਾਰੇ ਮਨਾ ਤੂੰ ਵੱਡੇ ਭਾਗਾਂ ਵਾਲਾ ਹੈਂ ,ਜੇ ਤੇਰੇ ਉੱਤੇ ਉਸ ਅਕਾਲ ਪੁਰਖ ਦੀ ਨਜ਼ਰ ਪੈ ਜਾਵੇ, ਸੱਚੇ ਗੁਰੂ ਦੇ ਚਰਨਾਂ ਵਿੱਚ ਬਹਿ ਜਾ, ਜਿਸ ਨਾਲ ਤੂੰ ਪਰਮਾਤਮਾ ਨੂੰ ਪਾ ਲਏਂਗਾ ਅਤੇ ਤੈਨੂੰ ਪਾਪਾਂ ਤੋਂ ਛੁਟਕਾਰਾ ਮਿਲ ਜਾਏਗਾ॥੪॥

ਹੇ ਮੇਰੇ ਚੰਚਲ ਮਨਾ! ਇਸ ਸਰੀਰ ਤੇ ਅੰਦਰ ਹੀ ਉਸ ਪਰਮਾਤਮਾ ਦੀ ਜੋਤ ਜਲ ਰਹੀ ਹੈ ਜਿਹੜੀ ਤੈਨੂੰ ਸੰਭਾਲਦੀ ਹੈ, ਤੇਰੀ ਦੇਖਭਾਲ ਕਰਦੀ ਹੈ। ਇਸ ਜੋਤ ਨੂੰ ਦਿਖਾਉਣ ਵਾਲਾ, ਦੱਸਣ ਵਾਲਾ ਸੱਚਾ ਗੁਰੂ ਹੀ ਹੈ ਜਿਸ ਦੀ ਕਿਰਪਾ ਨਾਲ ਤੂੰ ਉਸ ਸੱਚੇ ਪਾਤਸ਼ਾਹ ਨੂੰ ਪਾ ਸਕਦਾ ਹੈਂ (ਉਹਦੇ ਦਰਬਾਰ ਤੱਕ ਪਹੁੰਚ ਸਕਦਾ ਹੈਂ)॥੫॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND CLOTHING STALLS
RAFFLE DRAWING FOR GOLD ITEMS AND MORE PRIZES
Free Entry
Free Parking
PHOTO & VIDEOGRAPHY BY
PAL FILMS PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA 925-565-6058
PARAMJIT NOKWAL 925-323-2523
HARPREET SUTTI 925-464-3414
FOOD BY
DOSA PLACE



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਵਡ ਜੋਧਾ ਬਹੁ ਪਰਉਪਕਾਰੀ

ਗੁਰੂ ਅਰਜਨ ਦੇਵ ਜੀ (1563-1606 ਈ.) ਦੇ ਮਹਿਲ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰਦਾਨ ਦਿੰਦਿਆਂ ਬਾਬਾ ਬੁੱਢਾ ਜੀ ਨੇ ਕਿਹਾ ਸੀ ਕਿ ਤੇਰੇ ਘਰ ਇਕ ਅਜਿਹਾ ਪੁੱਤਰ ਜਨਮ ਲਵੇਗਾ, ਜੋ ਸੂਰਮਾ ਅਤੇ ਮਹਾਂਬਲੀ ਹੋਣ ਦੇ ਨਾਲ-ਨਾਲ ਸੰਤਾਂ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਮੀਰੀ-ਪੀਰੀ ਦਾ ਮਾਲਕ ਵੀ ਹੋਵੇਗਾ। ਬਾਬਾ ਬੁੱਢਾ ਜੀ ਦੇ ਅਸ਼ੀਰਵਾਦ ਨਾਲ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ 1595 ਈ. ਨੂੰ ਹੋਇਆ। ਇਸ ਖੁਸ਼ੀ ਦੇ ਮੌਕੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਿਆ:

ਸਤਿਗੁਰ ਸਾਚੈ ਦੀਆ ਭੇਜਿ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇਆ ਕੀਆ ਨਿਵਾਸੁ ॥
ਮਾਤਾ ਕੈ ਮਨਿ ਬਹੁਤ ਬਿਗਾਸੁ ॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥
(ਆਸਾ ਮਹਲਾ ੫, ਪੰਨਾ ੩੯੬)

ਗੁਰੂ ਅਰਜਨ ਦੇਵ ਦੀ ਸ਼ਹੀਦੀ (25 ਮਈ 1606 ਈ.) ਪਿਛੋਂ ਬਾਬਾ ਬੁੱਢਾ ਜੀ ਨੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਾਇਆ। ਉਦੋਂ ਆਪਦੀ ਉਮਰ 11 ਸਾਲ ਦੀ ਸੀ। ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਅੰਕਿਤ ਕੀਤਾ ਹੈ :

ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ॥ ਅਰਜਨ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥
(ਵਾਰ ੧, ਪਉੜੀ ੪੮)

ਗੁਰੂ ਜੀ ਨੇ ਅੰਮ੍ਰਿਤਸਰ ਨੂੰ ਮਜ਼ਬੂਤ ਕਰਨ ਲਈ ਉਥੇ ਇਕ 'ਲੋਹਗੜ੍ਹ' ਨਾਂ ਦਾ ਕਿਲ੍ਹਾ ਬਣਵਾਇਆ। ਸੰਨ 1609 ਵਿਚ ਦੇਸ਼ ਪਿਆਰ, ਸੂਰਬੀਰਤਾ ਅਤੇ ਕੌਮੀ ਭਾਵਾਂ ਦੇ ਪ੍ਰਚਾਰ ਹਿਤ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਉਸ ਤੇ ਸੁਸ਼ੋਭਿਤ ਹੋ ਕੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ, ਜਦੋਂ ਇਕ ਧਾਰਮਿਕ ਰਹਿਬਰ ਨੇ ਭਗਤੀ ਤੇ ਸ਼ਕਤੀ ਦੇ ਸੁਮੇਲ ਨਾਲ ਦੋ ਤਲਵਾਰਾਂ ਪਹਿਨੀਆਂ ਹੋਣ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਮੀਰੀ ਦੇ ਅਰਥ ਖੁੱਲ੍ਹੇ ਤੌਰ ਤੇ ਇਹੀ ਹਨ ਕਿ ਮਨੁੱਖੀ ਹੱਕਾਂ ਦਾ ਹੁੰਦਾ ਘਾਣ ਵੇਖ ਕੇ ਚੁੱਪ ਨਹੀਂ ਰਹਿਣਾ ਅਤੇ ਪੀਰੀ ਤੋਂ ਭਾਵ ਹੈ ਕਿ ਮਨੁੱਖ ਨੂੰ ਵਾਹਿਗੁਰੂ ਤੋਂ ਸਿਵਾਇ ਹੋਰ ਕਿਸੇ ਪਾਸੇ ਝਾਕਣ ਨਹੀਂ ਦੇਣਾ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਉਹ ਭੇਟਾ ਦੇ ਨਾਲ-ਨਾਲ ਚੰਗੇ ਘੋੜੇ ਤੇ ਸ਼ਸਤਰ ਵੀ ਭੇਜਿਆ ਕਰਨ। ਆਪ ਕੋਲ 52 ਨੌਜਵਾਨਾਂ ਦੀ ਇਕ ਛੋਟੀ ਜਿਹੀ ਫੌਜ ਵੀ ਸੀ। ਉਨ੍ਹਾਂ ਨੇ ਇਕ ਨਗਾਰਾ ਤਿਆਰ ਕਰਵਾਇਆ ਅਤੇ ਨਿਸ਼ਾਨ ਸਾਹਿਬ ਵੀ ਝੁਲਾਇਆ ।

ਆਪ ਨੂੰ ਬਾਲ-ਅਵਸਥਾ ਵਿਚ ਕਈ ਦੁਖ-ਤਕਲੀਫਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਆਪ ਦਾ ਤਾਇਆ ਪ੍ਰਿਥੀ ਚੰਦ ਆਪ ਨੂੰ ਮਰਵਾ ਕੇ ਗੁਰਗੱਦੀ ਅਤੇ ਸਾਰੀ ਜਾਇਦਾਦ ਦਾ ਮਾਲਕ ਆਪਣੇ ਪੁੱਤਰ (ਮਨੋਹਰ ਦਾਸ ਮਿਹਰਬਾਨ ਸੋਢੀ) ਨੂੰ ਬਣਾਉਣਾ ਚਾਹੁੰਦਾ ਸੀ। ਪਹਿਲਾਂ ਉਸ ਨੇ ਦਾਈ ਨੂੰ ਲਾਲਚ ਦੇ ਕੇ ਜ਼ਹਿਰੀਲੇ ਦੁੱਧ ਨਾਲ ਗੁਰੂ ਜੀ ਨੂੰ ਮਰਵਾਉਣਾ ਚਾਹਿਆ, ਫਿਰ ਸਪੇਰੇ ਜੋਗੀ ਵਲੋਂ ਗੁਰੂ ਜੀ ਦੇ ਕਮਰੇ ਵਿਚ ਜ਼ਹਿਰੀ ਸੱਪ ਛਡਵਾਇਆ ਗਿਆ, ਪਿਛੋਂ ਇਕ ਖਿਡਾਵੇ ਬ੍ਰਾਹਮਣ ਨੂੰ ਲਾਲਚ ਦੇ ਕੇ ਗੁਰੂ ਜੀ ਨੂੰ ਜ਼ਹਿਰ ਵਾਲੀ ਦਹੀਂ ਖੁਆਉਣ ਲਈ ਕਿਹਾ ਗਿਆ, ਪਰ ਉਸਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਗੁਰੂ ਜੀ ਨੂੰ ਚੇਚਕ ਵੀ ਨਿਕਲੀ ਪਰ ਵਾਹਿਗੁਰੂ ਦੀ ਮਿਹਰ ਸਦਕਾ ਆਪ ਰਾਜ਼ੀ ਹੋ ਗਏ।

ਬਾਬਾ ਬੁੱਢਾ ਜੀ ਨੇ ਆਪ ਨੂੰ ਗੁਰੂ-ਘਰ ਦੀ ਵਿਦਿਆ, ਸ਼ਸਤਰ-ਵਿਦਿਆ, ਘੋੜ-ਸਵਾਰੀ, ਸ਼ਿਕਾਰ, ਕੁਸ਼ਤੀ ਆਦਿ ਦੀ ਸਿਖਲਾਈ ਦਿੱਤੀ। ਗੁਰੂ ਅਰਜਨ ਦੇਵ ਜੀ ਸਮਝਦੇ ਸਨ ਕਿ ਸਮਾਂ ਅਜਿਹਾ ਆ ਰਿਹਾ ਹੈ ਕਿ ਜ਼ੁਲਮ ਦੇ ਟਾਕਰੇ ਲਈ ਸਿੱਖਾਂ ਨੂੰ ਸੰਤ-ਸਿਪਾਹੀ ਬਣਨਾ ਪਵੇਗਾ। ਅਜਿਹੇ ਸਮੇਂ ਗੁਰਗੱਦੀ ਲਈ ਜਿਹੋ ਜਿਹੀ ਯੋਗਤਾ ਅਤੇ ਗੁਣਾਂ ਦੀ ਲੋੜ ਸੀ, ਉਹੋ ਜਿਹੀ ਸਿਖਿਆ-ਸਿਖਲਾਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਿਵਾਈ ਗਈ।

ਗੁਰੂ-ਘਰ ਦੇ ਪੁਰਾਣੇ ਦੋਖੀ ਸ਼ਹਿਨਸ਼ਾਹਿ-ਹਿੰਦ ਜਹਾਂਗੀਰ ਨੂੰ ਗੁਰੂ ਜੀ ਦੀਆਂ ਸ਼ਸਤਰ-ਝੁਨਕਾਰਾਂ ਵਿਚੋਂ ਬਗ਼ਾਵਤ ਦੀ ਬੂ ਆ ਰਹੀ ਸੀ। ਉਸਨੇ ਗੁਰੂ ਜੀ ਨੂੰ 12 ਸਾਲ ਦੀ ਕੈਦ ਦਾ ਹੁਕਮ ਦੇ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ, ਜਿਥੇ ਪਹਿਲਾਂ 52 ਰਾਜੇ ਕੈਦ ਸਨ। ਪਰ ਸਿੱਖਾਂ ਅਤੇ ਗੁਰੂ-ਘਰ ਦੇ ਪ੍ਰੇਮੀਆਂ ਤੋਂ ਇਲਾਵਾ ਕਈ ਨੇਕ-ਦਿਲ ਮੁਸਲਮਾਨਾਂ ਨੇ ਵੀ ਆਪਣੀ ਸਜ਼ਾ ਵਿਰੁੱਧ ਅਵਾਜ਼ ਉਠਾਈ। ਸਿੱਟੇ ਵਜੋਂ ਦੋ ਕੁ ਸਾਲ ਦੀ ਕੈਦ ਪਿਛੋਂ ਆਪਨੂੰ 52 ਰਾਜਿਆਂ ਸਮੇਤ ਰਿਹਾਅ ਕਰ ਦਿਤਾ ਗਿਆ। ਉਸੇ ਦਿਨ ਤੋਂ ਆਪ ਨੂੰ 'ਬੰਦੀ ਛੋੜ' ਦੇ ਨਾਂ ਨਾਲ ਯਾਦ ਕੀਤਾ ਜਾਣ ਲੱਗ ਪਿਆ ।

ਗੁਰੂ ਸਾਹਿਬ ਦੇ ਤਿੰਨ ਵਿਆਹ ਹੋਏ -

(ੳ) 1608 ਈ: ਵਿਚ ਡੱਲਾ ਨਿਵਾਸੀ ਸ੍ਰੀ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ ਜਿਨ੍ਹਾਂ ਦੀ ਕੁਖੋਂ ਬਾਬਾ ਗੁਰਦਿਤਾ ਜੀ. (1613 ਈ:), ਬੀਬੀ ਵੀਰੋ ਜੀ (1615 ਈ.) ਅਤੇ ਸ੍ਰੀ ਅਣੀਰਾਏ ਜੀ (1618 ਈ:) ਪੈਦਾ ਹੋਏ।

(ਅ) 1613 ਈ: ਵਿਚ ਦੂਜਾ ਵਿਆਹ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ ਹੋਇਆ। ਜਿਨ੍ਹਾਂ ਦੀ ਕੁੱਖੋਂ ਬਾਬਾ ਅਟੱਲ ਰਾਏ (1619 ਈ:) ਅਤੇ (ਗੁਰੂ) ਤੇਗ ਬਹਾਦਰ (1621 ਈ.) ਨੇ ਜਨਮ ਲਿਆ।

(ੲ) ਤੀਜਾ ਵਿਆਹ ਮੰਡਿਆਲੀ ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ 1615 ਈ. ਵਿਚ ਹੋਇਆ, ਜਿਨ੍ਹਾਂ ਦੀ ਕੁੱਖੋਂ ਸ੍ਰੀ ਸੂਰਜ ਮੱਲ (1617 ਈ:) ਪੈਦਾ ਹੋਏ।

ਗਵਾਲੀਅਰ ਤੋਂ ਰਿਹਾਅ ਹੋਣ ਪਿਛੋਂ ਗੁਰੂ ਸਾਹਿਬ ਦਾ ਜਹਾਂਗੀਰ ਨਾਲ ਕੋਈ ਝਗੜਾ-ਫਸਾਦ ਨਾ ਹੋਇਆ। ਆਪ ਅੰਮ੍ਰਿਤਸਰੋਂ ਚੱਲ ਕੇ ਲਾਹੌਰ, ਗੁਜਰਾਂਵਾਲਾ, ਵਜ਼ੀਰਾਬਾਦ, ਭਿੰਬਰ ਆਦਿ ਤੋਂ ਹੁੰਦੇ ਹੋਏ ਕਸ਼ਮੀਰ ਪਹੁੰਚੇ। ਉਥੇ ਹਕੂਮਤ ਦੇ ਦਬਾਅ ਕਰਕੇ ਬਹੁਤ ਸਾਰੇ ਹਿੰਦੂ ਮੁਸਲਮਾਨ ਬਣਦੇ ਜਾ ਰਹੇ ਸਨ। ਗੁਰੂ ਜੀ ਦੇ ਪ੍ਰਚਾਰ ਨਾਲ ਹਜ਼ਾਰਾਂ ਹੀ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਗਏ।

ਉਥੇ ਆਪ ਬਾਰਾਂਮੂਲਾ ਰਾਹੀਂ ਪੰਜਾਬ ਆਏ। ਗੁਜਰਾਤ ਪਹੁੰਚ ਕੇ ਕੁਝ ਚਿਰ ਉਥੇ ਠਹਿਰੇ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਇਥੇ ਹੀ ਸ਼ਾਹ ਦੌਲਾ ਨਾਲ ਹੋਈ ਗੋਸ਼ਟਿ ਵਿਚ ਉਸ ਦੇ ਸ਼ੰਕਿਆਂ ਦਾ ਨਿਵਾਰਨ ਕੀਤਾ। ਸ਼ਾਹ ਦੌਲਾ ਨੇ ਗੁਰੂ ਸਾਹਿਬ ਨੂੰ ਪੁਛਿਆ :

'ਔਰਤ ਕਿਆ ਔਰ ਫਕੀਰੀ ਕਿਆ?
ਹਿੰਦੂ ਕਿਆ ਔਰ ਪੀਰੀ ਕਿਆ?
ਪੁੱਤਰ ਕਿਆ ਵੈਰਾਗ ਕਿਆ?
ਦੌਲਤ ਕਿਆ ਔਰ ਤਿਆਗ ਕਿਆ?

ਗੁਰੂ ਸਾਹਿਬ ਦਾ ਜਵਾਬ ਸੀ:

'ਔਰਤ ਈਮਾਨ, ਪੁੱਤਰ ਨਿਸ਼ਾਨ।
ਦੌਲਤ ਗੁਜ਼ਰਾਨ,
ਫਕੀਰ ਨ ਹਿੰਦੂ ਨ ਮੁਸਲਮਾਨ।

ਗੁਜਰਾਤ ਤੋਂ ਚੱਲ ਕੇ ਆਪ ਵਜ਼ੀਰਾਬਾਦ, ਭਾਈ ਕੇ ਮੱਟੂ, ਹਾਫਜ਼ਾਬਾਦ ਸਰਕਪੁਰ, ਸ੍ਰੀ ਨਨਕਾਣਾ ਸਾਹਿਬ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਕੁਝ ਚਿਰ ਪਿਛੋਂ ਨਾਲਾਗੜ੍ਹ, ਦੂਨ ਤੇ ਪਹਾੜੀ ਇਲਾਕੇ ਦਾ ਦੌਰਾ ਕੀਤਾ ਅਤੇ ਸਭ ਥਾਈਂ ਗੁਰਸਿੱਖੀ ਦਾ ਪ੍ਰਚਾਰ ਕੀਤਾ। ਫਿਰ ਆਪ ਨੇ ਮਾਲਵੇ ਦਾ ਦੌਰਾ ਕੀਤਾ। ਕਾਫੀ ਸਮਾਂ ਡਰੋਲੀ ਰੁਕੇ। ਇਥੇ ਗੁਰੂ ਜੀ ਸ਼ਿਕਾਰ ਲਈ ਗਏ। ਸਾਧੂ ਅਤੇ ਰੂਪਾ ਨਾਂ ਦੇ ਸੇਵਕਾਂ ਨੇ ਆਪ ਨੂੰ ਜਲ ਭੇਟਾ ਕੀਤਾ। ਗੁਰੂ ਜੀ ਨੇ ਉਸਦੇ ਪਰਿਵਾਰ ਨੂੰ ਦੇਗ਼-ਤੇਗ਼ ਚਲਾਉਣ ਲਈ ਕੜਛਾ ਬਖਸ਼ਿਆ। ਗੁਰੂ ਜੀ ਦੀ ਆਗਿਆ ਅਨੁਸਾਰ ਉਨ੍ਹਾਂ ਨੇ ਪਿੰਡ ਰੂਪਾ ਦੀ ਨੀਂਹ ਰੱਖੀ। ਭਾਈ ਅਸ਼ੋਕ ਸਿੰਘ ਬਾਗੜੀਆ ਇਸੇ ਘਰਾਣੇ ਵਿਚੋਂ ਹਨ।

ਗੁਰੂ ਜੀ ਨੇ ਜਬਰ ਤੇ ਜ਼ੁਲਮ ਦੇ ਖਿਲਾਫ ਚਾਰ ਵੱਡੀਆਂ ਲੜਾਈਆਂ ਲੜੀਆਂ ਅਤੇ ਚਾਰਾਂ ਵਿਚ ਹੀ ਦੁਸ਼ਮਣ ਸੈਨਾਵਾਂ ਦਾ ਭਾਰੀ ਨੁਕਸਾਨ ਹੋਇਆ। ਪਹਿਲੀ ਜੰਗ ਅੰਮ੍ਰਿਤਸਰ ਨੇੜੇ ਮੁਖਲਿਸ ਖਾਂ ਨਾਲ 1628 ਈ: ਵਿਚ ਹੋਈ। ਉਸ ਸਮੇਂ ਗੁਰੂ ਜੀ ਬੀਬੀ ਵੀਰੋ ਦੇ ਵਿਆਹ ਵਿਚ ਰੁੱਝੇ ਹੋਏ ਸਨ। ਉਨ੍ਹਾਂ ਕੋਲ ਨਾ ਤਾਂ ਕੋਈ ਤੋਪ ਸੀ ਅਤੇ ਨਾ ਹੀ ਅਸਲਾ।

ਉਨ੍ਹਾਂ ਨੇ ਰੁੱਖ ਦੇ ਤਣੇ ਤੋਂ ਲੱਕੜ ਦੀ ਤੋਪ ਬਣਾ ਕੇ ਮੁਕਾਬਲਾ ਕੀਤਾ। ਮੁਖਲਿਸ ਖਾਂ ਦੇ ਮਰਨ ਦੀ ਦੇਰ ਸੀ ਕਿ ਉਸਦੀ ਫੌਜ ਪਿੱਠ ਵਿਖਾ ਕੇ ਭੱਜ ਗਈ। ਪਿਛੋਂ ਗੁਰੂ ਜੀ ਨੇ ਝਬਾਲ ਜਾ ਕੇ ਬੀਬੀ ਵੀਰੋ ਦਾ ਵਿਆਹ-ਕਾਰਜ ਸੰਪੂਰਨ ਕੀਤਾ। ਮੈਕਾਲਿਫ ਮੁਤਾਬਕ ਇਹ ਲੜਾਈ ਅੰਮ੍ਰਿਤਸਰੋਂ ਚਾਰ ਮੀਲ ਦੱਖਣ ਵੱਲ ਵੀ ਹੁੰਦੀ ਰਹੀ। ਇਥੇ ਗੁਰੂ ਜੀ ਦੀ ਜਿੱਤ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ। ਦੂਜੀ ਜੰਗ ਅਬਦੁਲ ਖਾਂ ਨਾਲ 1630 ਈ: ਵਿਚ ਹਰਿਗੋਬਿੰਦਪੁਰ ਵਿਖੇ ਹੋਈ। ਇਥੇ ਵੀ ਸ਼ਾਹੀ ਸੈਨਾਵਾਂ ਦਾ ਭਾਰੀ ਨੁਕਸਾਨ ਹੋਇਆ। ਇਥੇ ਭਗਵਾਨ ਦਾਸ, ਅਬਦੁਲ ਖਾਂ ਅਤੇ ਰਤਨ ਖਾਂ ਵਰਗੇ ਵੈਰੀ ਮਾਰੇ ਗਏ। ਇਸ ਥਾਂ ਗੁਰੂ ਜੀ ਨੇ ਦਮਦਮਾ ਸਾਹਿਬ ਬਣਵਾਇਆ। 1631 ਈ: ਵਿਚ ਲੱਲਾ ਬੇਗ਼ ਤੇ ਕਮਰ ਬੇਗ਼ ਨਾਲ ਗੁਰੂਸਰ ਮਰਾਝ ਵਿਖੇ ਤੀਜੀ ਲੜਾਈ ਹੋਈ, ਜਿਸ ਵਿਚ 1200 ਤੋਂ ਵੱਧ ਸਿੱਖ ਸ਼ਹੀਦ ਹੋਏ । ਇਥੇ ਯਾਦਗਾਰ ਵਜੋਂ ਇਕ ਸਰੋਵਰ ਬਣਾਇਆ ਗਿਆ, ਜਿਸਦਾ ਨਾਂ ਗੁਰੂਸਰ ਹੈ। ਚੌਥੀ ਜੰਗ 1634 ਈ: ਜਲੰਧਰ ਨੇੜੇ ਕਰਤਾਰਪੁਰ ਵਿਖੇ ਹੋਈ। ਇਥੇ ਵਿਰੋਧੀ ਫੌਜ ਦੀ ਅਗਵਾਈ ਕਾਲੇ ਖਾਂ ਤੇ ਪੈਂਦੇ ਖਾਂ ਕਰ ਰਹੇ ਸਨ। ਇਸ ਲੜਾਈ ਵਿਚ ਗੁਰੂ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਨੇ ਤੇਗ਼ ਦੇ ਅਜਿਹੇ ਜੌਹਰ ਵਿਖਾਏ ਕਿ ਉਨ੍ਹਾਂ ਦਾ ਨਾਂ ਤਿਆਗ ਮੱਲ ਤੋਂ ਤੇਗ਼ ਬਹਾਦਰ ਰੱਖ ਦਿੱਤਾ ਗਿਆ।

ਸਮਕਾਲੀ ਲੇਖਕ ਮੋਹਸਿਨ ਫਾਨੀ ਲਿਖਦਾ ਹੈ ਕਿ ਗੁਰੂ ਜੀ ਹਮੇਸ਼ਾ 300 ਸਵਾਰ ਅਤੇ 60 ਬੰਦੂਕਚੀ ਆਪਣੇ ਨਾਲ ਰਖਦੇ ਸਨ ਅਤੇ 700 ਘੋੜੇ ਉਨ੍ਹਾਂ ਦੇ ਤਬੇਲੇ ਵਿਚ ਬੱਝੇ ਰਹਿੰਦੇ ਸਨ। ਗੁਰੂ ਸਾਹਿਬ ਨੇ ਚਾਰ ਲੜਾਈਆਂ ਤਾਂ ਜਿੱਤੀਆਂ ਪਰ ਇਨ੍ਹਾਂ ਵਿਚ ਆਪਨੇ ਇੰਚ ਭਰ ਵੀ ਇਲਾਕਾ ਨਾ ਮੱਲਿਆ।

ਆਪ ਰਾਜ ਕਾਇਮ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਤਾਂ ਸਵੈ-ਰੱਖਿਆ ਲਈ ਯੁੱਧ ਕਰਨੇ ਪਏ। ਗੁਰੂ ਸਾਹਿਬ ਦਾ ਮੁੱਖ ਮਨੋਰਥ ਤਾਂ ਹਿੰਦੋਸਤਾਨੀਆਂ ਦੇ ਮਨਾਂ ਅੰਦਰ ਬੀਰ-ਰਸ ਦਾ ਸੰਚਾਰ ਕਰਨਾ ਸੀ ਤਾਂ ਜੋ ਉਹ ਜਬਰ ਤੇ ਜ਼ੁਲਮ ਵਿਰੁੱਧ ਡਟ ਕੇ, ਪਰਦੇਸੀ ਹਕੂਮਤ ਨੂੰ ਖਤਮ ਕਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਬੀੜਾ ਉਠਾ ਸਕਣ।

ਇਨ੍ਹਾਂ ਯੁੱਧਾਂ ਪਿਛੋਂ ਆਪ ਕੀਰਤਪੁਰ ਸਾਹਿਬ ਚਲੇ ਗਏ ਅਤੇ ਸਿੱਖ ਧਰਮ ਨੂੰ ਜੱਥੇਬੰਦ ਕਰਨ ਲਈ ਦੂਰ-ਦੂਰ ਦੇ ਇਲਾਕਿਆਂ ਵਿਚ ਆਪਣੇ ਪ੍ਰਚਾਰਕ ਭੇਜੇ। ਆਪਣੇ ਇਕ ਸਿੱਖ ਭਾਈ ਬਿਧੀ ਚੰਦ ਨੂੰ ਉਨ੍ਹਾਂ ਨੇ ਇਸੇ ਮਹਾਨ ਕਾਰਜ ਲਈ ਬੰਗਾਲ ਭੇਜਿਆ। ਗੁਰਮਤਿ ਪ੍ਰਚਾਰ ਹਿੱਤ ਗੁਰੂ ਨਾਨਕ ਦੇਵ ਜੀ (1469-1539) ਦੀਆਂ ਉਦਾਸੀਆਂ ਦੇ ਰੂਪ ਵਿਚ ਲੰਮੀਆਂ ਯਾਤਰਾਵਾਂ ਤੋਂ ਬਾਦ ਛਠਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਨੇ ਹੀ ਭਾਰਤ ਵਿਚ ਸਭ ਤੋਂ ਜ਼ਿਆਦਾ ਥਾਂਵਾਂ ਦੀ ਯਾਤਰਾ ਕਰਕੇ ਗੁਰਮਤਿ ਸੰਦੇਸ਼ ਨੂੰ ਦੂਰ-ਦੁਰਾਡੇ ਪਹੁੰਚਾਇਆ।

ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨਾਲ ਮੁਲਾਕਾਤ ਕੀਤੀ ਅਤੇ ਆਪਣੇ ਸਭ ਤੋਂ ਵੱਡੇ ਸਪੁੱਤਰ ਬਾਬਾ ਗੁਰਦਿਤਾ ਜੀ ਨੂੰ ਉਨ੍ਹਾਂ ਦੀ ਸੇਵਾ ਲਈ ਸੌਂਪ ਦਿੱਤਾ। ਗੁਰੂ ਜੀ ਦੇ ਸੰਪਰਕ ਵਿਚ ਆਏ ਕੁਝ ਹੋਰ ਪ੍ਰਸਿੱਧ ਵਿਅਕਤੀ ਇਸ ਪ੍ਰਕਾਰ ਹਨ : ਮਾਤਾ ਕੌਲਾਂ, ਭਾਈ ਬਿਧੀ ਚੰਦ, ਬਾਬਾ ਬਾਲੂ ਹਸਨਾ, ਮਾਤਾ ਭਾਗਭਰੀ, ਭਾਈ ਮਦੂ, ਭਾਈ ਮਿਹਰਾ, ਬਖ਼ਤ ਮੱਲ, ਭਾਈ ਅਬਦੁੱਲਾ ਅਤੇ ਨੱਥਾ ਮੱਲ (ਪ੍ਰਸਿੱਧ ਢਾਡੀ), ਸੁਥਰੇ ਸ਼ਾਹੀਏ, ਭਾਈ ਸਾਦਾ, ਜੋਧ ਰਾਏ, ਬਾਬਾ ਬੁੱਢਣ ਸ਼ਾਹ, ਭਾਈ ਬੁੱਧੂ, ਭਾਈ ਸਾਈਂ ਦਾਸ, ਭਾਈ ਝੰਡਾ, ਭਾਈ ਦੌਲਾ ਸ਼ਾਹ, ਭਾਈ ਜਗਤਾ, ਬਾਬਾ ਫੂਲ, ਭਾਈ ਰੂਪ ਚੰਦ, ਭਾਈ ਰਾਜਾ ਰਾਮ।


ਜਦੋਂ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਅੰਤਮ ਸਮਾਂ ਨੇੜੇ ਆ ਗਿਆ ਤਾਂ ਆਪ ਨੇ ਆਪਣੇ ਪਿਛੋਂ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਸੱਭ ਤੋਂ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਸੌਂਪ ਦਿੱਤੀ ਅਤੇ ਆਪ 3 ਮਾਰਚ ਸੰਨ 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

ਆਪ ਦੇ ਵਿਛੋੜੇ ਨੂੰ ਨਾ ਸਹਾਰਦਿਆਂ ਰਾਜਾ ਰਾਮ ਅਤੇ ਸ਼ਿਵ ਸਿੰਹ ਨਾਂ ਦੇ ਦੋ ਸ਼ਰਧਾਲੂ ਆਪ ਦੇ ਨਾਲ ਹੀ ਅਗਨਭੇਟ ਹੋ ਗਏ। ਹੋਰ ਵੀ ਅਨੇਕਾਂ ਸਿੱਖ ਅਜਿਹਾ ਕਰਨਾ ਚਾਹੁੰਦੇ ਸਨ ਪਰ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਨੂੰ ਰੋਕ ਦਿੱਤਾ ਅਤੇ ਭਾਣਾ-ਮੰਨਣ ਦੀ ਤਾਕੀਦ ਕੀਤੀ। ਗੁਰੂ ਸਾਹਿਬ ਦਾ ਸਸਕਾਰ ਕੀਰਤਪੁਰ ਵਿਖੇ ਸਤਲੁਜ ਦੇ ਕੰਢੇ ਕੀਤਾ ਗਿਆ, ਜਿਸਨੂੰ ਅੱਜ ਕੱਲ੍ਹ ਪਾਤਾਲਪੁਰੀ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਦੀ ਕੁੱਲ ਉਮਰ 48 ਸਾਲ, 8 ਮਹੀਨੇ, 15 ਦਿਨ ਸੀ। ਆਪ 37 ਸਾਲ, 10 ਮਹੀਨੇ, 7 ਦਿਨ ਗੁਰਗੱਦੀ ਤੇ ਬਿਰਾਜਮਾਨ ਰਹੇ। ਮੀਰੀ-ਪੀਰੀ ਦੇ ਮਾਲਕ, ਦਲ ਭੰਜਨ ਗੁਰ ਸੂਰਮਾ, ਬੰਦੀ ਛੋੜ ਸਤਿਗੁਰੂ ਦੇ ਲਕਬ ਨਾਲ ਜਾਣੇ ਜਾਂਦੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਸਲਮਾਨੀ ਹੱਲਿਆਂ ਅਤੇ ਮੁਗਲਈ ਰਾਜ ਦੇ ਧੱਕੇ ਤੇ ਜ਼ਬਰ ਨਾਲ ਮਧੋਲੇ ਹੋਏ ਭਾਰਤੀਆਂ ਦੇ ਮਨਾਂ ਵਿਚ ਬੀਰਰਸ ਤੇ ਸੂਰਬੀਰਤਾ ਦਾ ਸੰਚਾਰ ਕੀਤਾ।

ਇਸ ਤਰ੍ਹਾਂ ਆਪ ਨੇ ਸਿਰਲੱਥ ਅਤੇ ਸਰਫਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਅਤੇ ਸਰਦਾਰ ਖਾਲਸਾ ਕੌਮ ਦੀ ਪਨੀਰੀ ਤਿਆਰ ਕਰ ਦਿੱਤੀ ਜਿਸਨੇ ਅੱਗੇ ਜਾ ਕੇ ਭਗਤੀ ਤੇ ਸ਼ਕਤੀ ਦੇ ਅਵਤਾਰ ਗੁਰੂ ਗੋਬਿੰਦ ਸਿੰਘ (1666-1708 ਈ:) ਦੀ ਅਗਵਾਈ ਹੇਠ ਮੁਗਲਈ ਸਾਮਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਅਤੇ ਬਾਦ ਵਿਚ ਲਾਸਾਨੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ (1670-1716 ਈ:) ਦੀ ਕਮਾਨ ਹੇਠ ਖ਼ਾਲਸਈ ਰਾਜ ਦਾ ਪਰਚਮ ਸਾਰੇ ਦੇਸ਼ ਵਿਚ ਲਹਿਰਾ ਦਿੱਤਾ।

ਗੁਰਸੇਵਕ ਸਿੰਘ ਧੌਲਾ
ਪੰਜਾਬੀ ਮਾਸਟਰ
ਸਸਸਸ ਫੱਤਾ ਮਾਲੋਕਾ (ਮਾਨਸਾ)
9815046042



# ਗੁਆਚ ਗਈਆਂ ਕੋਠੇ ਦੀਆਂ ਰੌਣਕਾਂ

ਅੱਜ ਦੇ ਹਾਈ-ਟੈਕ ਯੁੱਗ ਵਿੱਚ ਜਿੱਥੇ ਇਨਸਾਨ ਕੰਕਰੀਟ ਦੇ ਆਲੀਸ਼ਾਨ ਮਕਾਨਾਂ ਅਤੇ ਏ.ਸੀ. ਦੀ ਬਣਾਉਟੀ ਹਵਾ ਵਿੱਚ ਕੈਦ ਹੋ ਕੇ ਰਹਿ ਗਿਆ ਹੈ, ਉੱਥੇ ਮਨ ਕਦੇ-ਕਦੇ ਪਿੱਛੇ ਮੁੜ ਕੇ ਦੇਖਦਾ ਹੈ ਤਾਂ ਪੁਰਾਣੇ ਪੰਜਾਬ ਦੀ ਉਹ ਸਾਦਗੀ ਯਾਦ ਆਉਂਦੀ ਹੈ, ਜਿਸ ਦਾ ਨਿੱਘ ਅੱਜ ਦੀਆਂ ਤਮਾਮ ਸਹੂਲਤਾਂ ਵਿੱਚ ਵੀ ਲੱਭਿਆਂ ਨਹੀਂ ਮਿਲਦਾ। ਉਹ ਵੀ ਇੱਕ ਦੌਰ ਸੀ ਜਦੋਂ ਗਰਮੀਆਂ ਦੀਆਂ ਰਾਤਾਂ ਵਿੱਚ ਪੂਰੇ ਪੰਜਾਬ ਦੇ ਪਿੰਡਾਂ ਵਿੱਚ ਘਰਾਂ ਦੇ ਕੋਠੇ (ਛੱਤਾਂ) ਰੌਣਕਾਂ ਦਾ ਕੇਂਦਰ ਬਣਦੇ ਸਨ। ਜਿਉਂ ਹੀ ਸੂਰਜ ਢਲਦਾ ਅਤੇ ਪਿੰਡਾਂ ਵਿੱਚ ਸ਼ਾਮ ਦੀ ਮਿੱਠੀ ਹਵਾ ਚੱਲਦੀ, ਘਰ ਦੀਆਂ ਜਨਾਨੀਆਂ ਕੋਠੇ 'ਤੇ ਜਾ ਕੇ ਛਿੜਕਾਅ ਕਰਦੀਆਂ। ਮਿੱਟੀ ਅਤੇ ਪੱਕੀਆਂ ਇੱਟਾਂ ਦੀ ਤਪਦੀ ਛੱਤ ਵਿੱਚੋਂ ਉੱਠਦੀ ਉਹ ਪਹਿਲੀ ਸੁਗੰਧ ਅੱਜ ਦੇ ਮਹਿੰਗੇ ਤੋਂ ਮਹਿੰਗੇ ਰੂਮ ਫ੍ਰੈਸ਼ਨਰ ਨੂੰ ਵੀ ਮਾਤ ਪਾਉਂਦੀ ਸੀ। ਫਿਰ ਸ਼ੁਰੂ ਹੁੰਦਾ 'ਮੰਜੇ ਡਾਹੁਣ' ਦਾ ਸਿਲਸਿਲਾ। ਇੱਕ-ਇੱਕ ਕਰਕੇ ਸਾਰਾ ਟੱਬਰ ਆਪਣੇ ਮੰਜੇ ਕੋਠੇ 'ਤੇ ਇਕੱਠੇ ਡਾਹ ਲੈਂਦਾ। ਉਹ ਦੌਰ ਪਰਿਵਾਰਕ ਸਾਂਝ ਦਾ ਸਿਖਰ ਸੀ। ਇੱਕੋ ਫਰਾਟੇ ਪੱਖੇ ਥੱਲੇ, ਯਾਰਾਂ-ਦੋਸਤਾਂ ਵਾਂਗ ਸਾਰਾ ਟੱਬਰ ਲਾਈਨ ਵਿੱਚ ਮੰਜੇ ਡਾਹ ਕੇ ਸੌਂਦਾ ਸੀ।"

ਉਸ ਦੌਰ ਵਿੱਚ ਜਿਨ੍ਹਾਂ ਦੇ ਟੱਬਰ ਵੱਡੇ ਹੁੰਦੇ ਸਨ, ਖਾਸ ਕਰਕੇ ਸਾਡੀ ਗਲੀ ਵਿੱਚ ਪੀਲੂ ਸੇਠਾਂ ਦੇ ਘਰ, ਉੱਥੇ ਕੋਠੇ 'ਤੇ ਇੱਕ ਅਲੱਗ ਹੀ ਨਜ਼ਾਰਾ ਦੇਖਣ ਨੂੰ ਮਿਲਦਾ ਸੀ। ਇੱਕੋ ਫਰਾਟੇ ਪੱਖੇ ਦੀ ਹਵਾ ਲੈਣ ਲਈ ਸਾਰਾ ਟੱਬਰ ਲਾਈਨ ਵਿੱਚ ਮੰਜੇ ਡਾਹ ਕੇ ਸੌਂਦਾ ਸੀ। ਸਿਤਮ ਦੀ ਗੱਲ ਇਹ ਹੁੰਦੀ ਸੀ ਕਿ ਗਰਮੀ ਅਤੇ ਮੱਛਰਾਂ ਤੋਂ ਬਚਣ ਲਈ ਸਾਰਿਆਂ ਨੇ ਸਿਰ ਤੋਂ ਲੈ ਕੇ ਪੈਰਾਂ ਤੱਕ ਚਿੱਟੇ ਰੰਗ ਦੀ ਖੇਸ ਜਾਂ ਚਾਦਰ ਤਾਣੀ ਹੁੰਦੀ ਸੀ। ਦੂਰੋਂ ਦੇਖਣ ਵਾਲੇ ਨੂੰ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਹਸਪਤਾਲ ਦਾ ਕੋਈ ਵਾਰਡ ਹੋਵੇ ਜਾਂ ਕੋਈ ਫ਼ਿਲਮੀ ਭੂਤਾਂ ਦੀ ਟੋਲੀ ਲਾਈਨ ਵਿੱਚ ਸੁੱਤੀ ਪਈ ਹੋਵੇ! ਅੱਜ ਵੀ ਜਦੋਂ ਉਹ ਸੀਨ ਯਾਦ ਆਉਂਦਾ ਹੈ, ਤਾਂ ਚਿਹਰੇ 'ਤੇ ਆਪਣੇ-ਆਪ ਹਾਸਾ ਆ ਜਾਂਦਾ ਹੈ। ਉਸ ਸਮੇਂ ਕੋਈ ਮੋਬਾਈਲ ਫੋਨ ਜਾਂ ਸੋਸ਼ਲ ਮੀਡੀਆ ਨਹੀਂ ਸੀ ਹੁੰਦਾ। ਖੁੱਲ੍ਹੇ ਆਸਮਾਨ ਥੱਲੇ, ਤਾਰਿਆਂ ਦੀ ਮਿੱਠੀ-ਮਿੱਠੀ ਲੋਅ ਵਿੱਚ ਦਾਦੀ-ਦਾਦਾ ਦੀਆਂ ਬਾਤਾਂ, ਪਿੰਡ ਦੀਆਂ ਗੱਲਾਂ ਅਤੇ ਹਾਸੇ-ਮਜ਼ਾਕ ਦੇ ਦੌਰ ਚੱਲਦੇ। ਬੱਚੇ ਅਸਮਾਨ ਵੱਲ ਦੇਖ ਕੇ ਤਾਰੇ ਗਿਣਦੇ-ਗਿਣਦੇ ਅਤੇ ਟੁੱਟਦੇ ਤਾਰੇ ਨੂੰ ਦੇਖ ਕੇ ਸੂਤਰ ਹੁੰਦੇ-ਹੁੰਦੇ ਕਦੋਂ ਗੂੜ੍ਹੀ ਨੀਂਦ ਸੌਂ ਜਾਂਦੇ, ਪਤਾ ਹੀ ਨਹੀਂ ਸੀ ਲੱਗਦਾ। ਉਹ ਕੁਦਰਤ ਦੀ ਗੋਦ ਵਿੱਚ ਸੌਣ ਦਾ ਅਸਲੀ ਸੁਖ ਸੀ, ਜਿੱਥੇ ਸਵੇਰ ਦੀ ਤਰੇਲ ਚਿਹਰੇ 'ਤੇ ਅੰਮ੍ਰਿਤ ਵਾਂਗ ਚੋਂਦੀ ਸੀ। ਪਰ ਇਸ ਕੋਠੇ ਦੀ ਜ਼ਿੰਦਗੀ ਦਾ ਇੱਕ ਸਭ ਤੋਂ ਦਿਲਚਸਪ ਅਤੇ ਰੋਮਾਂਚਕ ਪਹਿਲੂ ਹੁੰਦਾ ਸ"ਅਚਾਨਕ ਮੀਂਹ-ਹਨੇਰੀ ਦਾ ਆਉਣਾ।"ਅੱਧੀ ਰਾਤ ਨੂੰ ਜਦੋਂ ਕਾਲੀ ਘਟਾ ਚੜ੍ਹਦੀ ਜਾਂ ਤੇਜ਼ ਝੱਖੜ ਝੁੱਲਦਾ, ਤਾਂ ਸੁੱਤੇ ਪਏ ਪਰਿਵਾਰ ਵਿੱਚ ਇੱਕਦਮ 'ਭੂਚਾਲ' ਆ ਜਾਂਦਾ।


"ਉੱਠੋ-ਉੱਠੋ, ਹਨੇਰੀ ਆ ਗਈ!" ਦੀਆਂ ਆਵਾਜ਼ਾਂ ਨਾਲ ਸਾਰੇ ਹੜਬੜਾ ਕੇ ਉੱਠਦੇ। ਫਿਰ ਜੋ ਅਫਰਾ-ਤਫਰੀ ਮੱਚਦੀ, ਉਹ ਦੇਖਣ ਵਾਲੀ ਹੁੰਦੀ ਸੀ। ਇੱਕ ਹੱਥ ਨਾਲ ਅੱਖਾਂ ਮੀਟ ਕੇ ਰੇਤ-ਮਿੱਟੀ ਤੋਂ ਬਚਣਾ ਅਤੇ ਦੂਜੇ ਹੱਥ ਨਾਲ ਆਪਣਾ ਬਿਸਤਰਾ (ਤਲਾਈ-ਸਿਰਾਣਾ) ਇਕੱਠਾ ਕਰਨਾ।

ਜਵਾਨ ਗੱਭਰੂ ਦੋ-ਦੋ ਮੰਜੇ ਇਕੱਠੇ ਚੁੱਕ ਕੇ ਪੌੜੀਆਂ ਵੱਲ ਭੱਜਦੇ। ਛੋਟੇ ਬੱਚੇ ਪੱਖੇ ਦੀ ਤਾਰ ਲਪੇਟਣ ਵਿੱਚ ਮਦਦ ਕਰਦੇ। ਕੋਠੇ ਦੀਆਂ ਪੌੜੀਆਂ ਉੱਤਰਦਿਆਂ ਕਈ ਵਾਰ ਬਿਸਤਰੇ ਹੱਥੋਂ ਛੁੱਟ ਜਾਂਦੇ, ਪਰ ਉਸ ਭੱਜ-ਦੌੜ ਵਿੱਚ ਵੀ ਇੱਕ ਅਜੀਬ ਜਿਹਾ ਚਾਅ ਅਤੇ ਅਪਣੱਤ ਹੁੰਦੀ ਸੀ। ਥੱਲੇ ਕਮਰੇ ਜਾਂ ਦਲਾਨ ਵਿੱਚ ਪਹੁੰਚ ਕੇ, ਮੀਂਹ ਦੀਆਂ ਕਾਣੀਆਂ ਕਣੀਆਂ ਨਾਲ ਭਿੱਜੇ ਹੋਏ ਸਾਰੇ ਜਣੇ ਇੱਕ ਦੂਜੇ ਦੇ ਮਿੱਟੀ ਨਾਲ ਲਿਬੜੇ ਚਿਹਰੇ ਦੇਖ ਕੇ ਉੱਚੀ-ਉੱਚੀ ਹੱਸਦੇ।

ਅੱਜ ਪੰਜਾਬ ਦੇ ਪਿੰਡਾਂ ਵਿੱਚ ਕੋਠੇ ਤਾਂ ਹੈਗੇ ਨੇ, ਪਰ ਉਹ ਰੌਣਕਾਂ ਗਾਇਬ ਹਨ। ਉੱਚੀਆਂ-ਉੱਚੀਆਂ ਕੰਧਾਂ ਨੇ ਗੁਆਂਢੀਆਂ ਦੀ ਸਾਂਝ ਮੁਕਾ ਦਿੱਤੀ ਅਤੇ ਘਰ ਦੇ ਅੰਦਰ ਚੱਲਦੇ ਏ.ਸੀ. ਨੇ ਪਰਿਵਾਰਾਂ ਨੂੰ ਵੱਖੋ-ਵੱਖਰੇ ਕਮਰਿਆਂ ਵਿੱਚ ਵੰਡ ਦਿੱਤਾ। ਅੱਜ ਦੀ ਪੀੜ੍ਹੀ ਤਾਰਿਆਂ ਦੀ ਲੋਅ, ਕੁਦਰਤੀ ਹਵਾ ਅਤੇ ਮੀਂਹ-ਹਨੇਰੀ ਦੇ ਉਸ ਸਾਂਝੇ ਸਾਹਸ (ਅਦਵਇਨਟ੍ਰਰਇ) ਤੋਂ ਬਿਲਕੁਲ ਸਾਂਝੀ ਵਿਹੂਣੀ ਹੋ ਗਈ ਹੈ। ਸਮਾਂ ਬਦਲਣਾ ਲਾਜ਼ਮੀ ਹੈ, ਪ੍ਰਗਤੀ ਵੀ ਜ਼ਰੂਰੀ ਹੈ, ਪਰ ਕੋਠੇ 'ਤੇ ਬਿਤਾਏ ਉਹ ਪਲ ਸਿਰਫ਼ ਯਾਦਾਂ ਨਹੀਂ, ਬਲਕਿ ਸਾਡੇ ਪੰਜਾਬੀ ਸੱਭਿਆਚਾਰ ਦੀ ਰੂਹ ਸਨ। ਅੱਜ ਵੀ ਜਦੋਂ ਕਦੇ ਪੁਰਾਣੇ ਵੇਲਿਆਂ ਦੀ ਯਾਦ ਆਉਂਦੀ ਹੈ, ਤਾਂ ਦਿਲ ਇਹੀ ਕਹਿੰਦਾ ਹੈ ਕਾਸ਼! ਉਹ ਤਾਰਿਆਂ ਵਾਲੀ ਰਾਤ ਅਤੇ ਮੀਂਹ ਆਉਣ 'ਤੇ ਮੰਜੇ ਚੁੱਕ ਕੇ ਭੱਜਣ ਵਾਲਾ ਉਹ ਸੁਖਦ ਦੌਰ ਇੱਕ ਵਾਰ ਫਿਰ ਮੁੜ ਆਵੇ।


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਬਰਜਿੰਦਰ ਕੌਰ ਬਿਸਰਾਓ
99889-01324

# ਠੱਗ

"ਅਖ਼ਬਾਰ ਵੇਚ.....ਰੱਦੀ ਵੇਚ..... ਕਬਾੜ ਵੇਚ......" ਦੀ ਉੱਚੀ ਤੇ ਲਚਕਦਾਰ ਅਵਾਜ਼ ਦੀ ਅੱਡ ਈ ਪਛਾਣ ਆ ਜਾਂਦੀ ਹੈ। ਉਂਝ ਤਾਂ ਗ਼ਲੀ ਵਿੱਚ ਸਾਰਾ ਦਿਨ ਅਨੇਕਾਂ ਕਬਾੜ ਖ਼ਰੀਦਣ ਵਾਲੇ ਲੰਘਦੇ ਹਨ ਪਰ "ਠੱਗ" ਦੀ ਅਵਾਜ਼ ਦੀ ਸਾਨੂੰ ਵੱਖਰੀ ਪਛਾਣ ਹੈ। ਜੇ ਰੱਦੀ ਵੇਚਣੀ ਹੁੰਦੀ ਤਾਂ ਮੇਰੇ ਪਤੀ ਨੇ ਉਸ ਨੂੰ ਹਾਕ ਮਾਰਨੀ," ਓਏ ਠੱਗਾ...... ਰੁਕੀਂ...... ਅਖ਼ਬਾਰ ਕਿਵੇਂ ਲਾਏ ਆ.....?" ਉਸ ਨੇ ਰੁਕ ਜਾਣਾ.......ਰੱਦੀ ਤੋਲਣੀ....... ਮਾੜਾ ਮੋਟਾ ਬੱਟੇ ਦਾ ਜਾਂ ਤੱਕੜੀ ਦੇ ਪੱਲੜਿਆਂ ਵਿੱਚ ਊਚ ਨੀਚ ਰੱਖ ਕੇ ਤੋਲ ਲੈਣੀ......। ਮੇਰੇ ਪਤੀ ਨੇ ਉਸ ਨੂੰ ਕਹਿਣਾ,"ਠੱਗਾ.... ਬਾਜ ਨਾ ਆਈਂ ਠੱਗੀ ਲਾਉਣ ਤੋਂ......!" ਉਸ ਨੇ ਵੀ ਆਪਣੇ ਵੱਲੋਂ ਹੌਲੀ ਹੌਲੀ ਬੋਲਦੇ ਹੋਏ ਨੇ ਸਫ਼ਾਈ ਦਿੰਦੇ ਨੇ ਰੱਦੀ ਰੇਹੜੀ ਵਿੱਚ ਸੁੱਟਣੀ ਤੇ ਤੁਰ ਜਾਣਾ। ਚਾਹੇ ਮੇਰਾ ਆਦਮੀ ਉਸ ਨੂੰ ਠੱਗ ਕਹਿੰਦਾ ਸੀ ਪਰ ਹਰ ਵਾਰ ਰੱਦੀ ਤਾਂ ਉਸੇ ਨੂੰ ਹੀ ਦਿੰਦਾ ਸੀ। ਉਹ ਰੱਦੀ ਵਾਲ਼ਾ ਵੀ 'ਠੱਗ' ਆਖੇ ਜਾਣ ਤੇ ਕਦੇ ਗੁੱਸਾ ਨਹੀਂ ਕਰਦਾ ਸੀ।

"ਠੱਗ" ਦਾ ਹੁਲੀਆ ਦੇਖ਼ ਕੇ ਮੈਨੂੰ ਬਹੁਤ ਤਰਸ ਆਉਂਦਾ ਸੀ। ਉਸ ਦੇ ਸਿਰ ਤੇ ਮੈਲੇ ਬਿਖਰੇ ਵਾਲ਼,ਦਾੜੀ ਵੀ ਉਸੇ ਤਰ੍ਹਾਂ ਦੀ ਵਧੀ ਹੋਈ ਕੱਟਣ ਵਾਲ਼ੀ...... ਮੈਲ਼ੀ ਕਮੀਜ਼ ਝੱਲਿਆਂ ਵਰਗੀ ਖੁੱਲ੍ਹੀ ਖੁੱਲ੍ਹੀ ਤੇ ਮੈਲ਼ੀ ਤੇ ਖੁੱਲ੍ਹੀ ਸਾਰੀ ਪੈਂਟ ਜੋ ਉਸ ਦੇ ਮੈਲ਼ ਨਾਲ਼ ਭਰੇ ਪੈਰਾਂ ਵਿੱਚ ਪਾਏ ਵੱਡੇ ਵੱਡੇ ਛਿੱਤਰਾਂ ਤੇ ਡਿੱਗਦੀ ਹੋਣ ਕਰਕੇ ਮੂਹਰੀਆਂ ਗ਼ਲੀਆਂ ਹੁੰਦੀਆਂ। ਜੇ ਉਸ ਕੋਲ਼ ਰੱਦੀ ਵਾਲ਼ਾ ਰੇਹੜਾ ਨਾ ਹੋਵੇ ਤਾਂ ਹਰ ਕੋਈ ਉਸ ਨੂੰ ਝੱਲਾ ਜਾਂ ਪਾਗ਼ਲ ਸਮਝ ਲਵੇ। ਜਦ ਦੀਵਾਲੀ ਦੀਆਂ ਸਫਾਈਆਂ ਕਰਦੇ ਹੋਏ ਜਾਂ ਘਰ ਨੂੰ ਰੰਗ ਰੋਗਨ ਜਾਂ ਕੋਈ ਹੋਰ ਕੰਮ ਕਰਵਾਉਂਦੇ ਹੋਏ ਕਵਾੜ ਤੇ ਹੋਰ ਸੁੱਟਣ ਵਾਲ਼ਾ ਸਮਾਨ ਇਕੱਠਾ ਹੋ ਜਾਣਾ ਤਾਂ ਉਸੇ ਨੂੰ ਚੁਕਵਾ ਦੇਣਾ ਕਿਉਂ ਕਿ ਜਿਹੜੀਆਂ ਚੀਜ਼ਾਂ ਕੂੜੇ ਵਿੱਚ ਸੁੱਟਣ ਵਾਲੀਆਂ ਹੁੰਦੀਆਂ ਉਹ ਵੀ ਉਸੇ ਨੂੰ ਚੁਕਵਾ ਦੇਣੀਆਂ ਤਾਂ ਜਮਾਂਦਾਰਾਂ ਦੀ ਤਿੜ ਫਿੜ ਦੀ ਸਿਰਦਰਦੀ ਤੋਂ ਵੀ ਸੁਰਖ਼ਰੂ ਹੋ ਜਾਣਾ।

ਇੱਕ ਦਿਨ ਬਿਜਲੀ ਦੀਆਂ ਖ਼ਰਾਬ ਚੀਜ਼ਾਂ ਲੈਣ ਵਾਲੇ ਨੂੰ ਮੈਂ ਆਪਣੀ ਪੁਰਾਣੀ ਵਾਸ਼ਿੰਗ ਮਸ਼ੀਨ ਵੇਚਣ ਲੱਗੀ ਤਾਂ ਇਹ ਕੋਲੋਂ ਦੀ ਲੰਘਿਆ ਜਾਂਦਾ ਰੁਕ ਗਿਆ ਤੇ ਮੈਨੂੰ ਆਖਣ ਲੱਗਾ,"ਇਹ ਤੁਸੀਂ ਮੈਨੂੰ ਦੇ ਦਿਓ....!" "ਤੂੰ ਕੀ ਕਰਨੀ ਆ....?.... ਨਾਲ਼ੇ ਇਹ ਤਾਂ ਖ਼ਰਾਬ ਆ.....!" ਮੈਂ ਆਖਿਆ।

"ਅਸੀਂ ਠੀਕ ਕਰਵਾ ਕੇ ਵਰਤ ਲਵਾਂਗੇ..... ਮੇਰੀਆਂ ਕੁੜੀਆਂ ਰੋਜ਼ ਕਹਿੰਦੀਆਂ ਨੇ ਲੈ ਕੇ ਦੇਣ ਨੂੰ.....?" ਉਸ ਨੇ ਆਖਿਆ।

"ਕਿੰਨੀਆਂ ਕੁੜੀਆਂ ਨੇ ਭਾਈ ਤੇਰੇ....?" ਮੈਂ ਫਿਰ ਪੁੱਛਿਆ।

"ਪੰਜ ਕੁੜੀਆਂ ਈ ਨੇ....... ਕਬਾੜ ਵਿੱਚੋਂ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਈ ਚੱਲਦਾ...!" ਐਨਾ ਕਹਿ ਕੇ ਉਹ ਚੁੱਪ ਹੋ ਗਿਆ। ਚੱਲ ਮੈਂ ਉਹ ਮਸ਼ੀਨ ਉਸ ਨੂੰ ਦੋ ਸੌ ਰੁਪਏ ਵਿੱਚ ਚੁਕਵਾ ਦਿੱਤੀ।

ਇੱਕ ਦਿਨ ਉਸ ਦਾ ਅਖ਼ਬਾਰਾਂ ਦੀ ਰੱਦੀ ਲੈਂਦੇ ਹੋਏ ਮੇਰੇ ਪਤੀ ਨਾਲ਼ ਭਾਅ ਨਾ ਬਣਿਆ ਤੇ ਮੇਰੇ ਪਤੀ ਨੇ ਆਪਣਾ ਗੁੱਸਾ ਦਿਖਾਉਂਦੇ ਹੋਏ ਚੁਟਕੀ ਮਾਰਕੇ ਉਂਗ਼ਲ ਬਾਹਰ ਨੂੰ ਕਰਦੇ ਹੋਏ ਉਸ ਨੂੰ ਕਿਹਾ ," ਚੱਲ! ਚੱਲ.....ਔਹ ਦਰਵਾਜ਼ਾ...... ਨਿਕਲਦਾ ਬਣ......!"

ਉਹ ਵਿਚਾਰਾ ਸ਼ਰਾਫਤ ਨਾਲ਼ ਪੈਰ ਘੜੀਸਦਾ ਹੋਇਆ ਬਿਨਾਂ ਗੁੱਸਾ ਕੀਤੇ ਚੁੱਪ ਚਾਪ ਬਾਹਰ ਨਿਕਲ ਗਿਆ। ਮੈਨੂੰ ਆਪਣੇ ਪਤੀ ਤੇ ਬਹੁਤ ਗੁੱਸਾ ਆਇਆ ਤੇ ਕਿਹਾ," ਵਿਚਾਰੇ ਸ਼ਰੀਫ਼ ਬੰਦੇ ਨੂੰ ਚੀਜ਼ ਨਹੀਂ ਦੇਣੀ ਤਾਂ ਨਾ ਦਿਓ......ਉਸ ਦੀ ਬੇਜ਼ਤੀ ਕਰਨ ਦਾ ਕੀ ਮਤਲਬ.... ਸਿੱਧਾ ਜਿਹਾ ਬੰਦਾ ਹੈ..... ਪੰਜ ਧੀਆਂ ਦਾ ਪਿਓ ਆ...... ਸਰੀਰ ਵਿੱਚ ਆਏਂ ਲੱਗਦਾ ਜਿਵੇਂ ਜਾਨ ਈ ਨਾ ਹੋਵੇ..... ਆਏਂ ਲੱਗਦਾ ਕਿ ਹੁਣ ਡਿੱਗਿਆ ਕਿ ਡਿੱਗਿਆ.......!" ਮੈਂ ਗੁੱਸੇ ਵਿੱਚ ਹੋਰ ਬਹੁਤ ਕੁਝ ਬੋਲੀ ਜਾ ਰਹੀ ਸੀ। ਸ਼ਾਇਦ ਮੇਰੇ ਪਤੀ ਨੂੰ ਮੇਰੇ ਇਸ ਗੁੱਸੇ ਭਰੇ ਭਾਸ਼ਨ ਤੋਂ ਬਾਅਦ ਉਸ ਦੀ ਗ਼ਰੀਬੀ ਤੇ ਲਾਚਾਰੀ ਸਮਝ ਆ ਗਈ ਸੀ।

ਉਸ ਤੋਂ ਬਾਅਦ ਮੈਂ ਆਪਣੇ ਪਤੀ ਨੂੰ ਉਸ ਨੂੰ ਕਦੇ ਰੱਦੀ ਵੇਚਦਿਆਂ ਨੂੰ ਨਹੀਂ ਦੇਖਿਆ ਸੀ ਸਗੋਂ ਜੋ ਵੀ ਕਬਾੜ, ਬੋਤਲਾਂ, ਪਲਾਸਟਿਕ ਹੁੰਦਾ ਉਸ ਨੂੰ ਪਿਆਰ ਨਾਲ ਹਾਕ ਮਾਰਦੇ,"ਓਏ ਠੱਗਾ.... ਰੁਕੀਂ....!" ਉਹ ਰੁਕ ਜਾਂਦਾ ਤੇ ਉਸ ਨੂੰ ਰੱਦੀ ਵਾਲੀ ਬੋਰੀ ਫੜਾ ਕੇ ਅੰਦਰ ਆ ਜਾਂਦੇ। ਮੈਂ ਤਾਂ ਪਹਿਲਾਂ ਹੀ ਉਸ ਨੂੰ ਘਿਓ ਵਾਲ਼ੀਆਂ ਪੀਪੀਆਂ ਜਾਂ ਹੋਰ ਸਮਾਨ ਵੈਸੇ ਹੀ ਚੁਕਾ ਦਿੰਦੀ ਸੀ।

ਸਾਨੂੰ ਪਤਾ ਸੀ ਕਿ ਜੋ ਮਨੁੱਖ ਆਪਣੇ ਵੱਡੇ ਟੱਬਰ ਦੀ ਪਾਲਣਾ ਕਰਨ ਲਈ ਸਰੀਰਕ ਸਮਰੱਥਾ ਤੋਂ ਵੱਧ ਕੰਮ ਲੈ ਰਿਹਾ ਹੋਵੇ ਉਸ ਤਰ੍ਹਾਂ ਦੇ ਬੰਦੇ ਦੀ ਸਿੱਧੇ ਤੌਰ ਤੇ ਨਾ ਸਹੀ ਪਰ ਅਸਿੱਧੇ ਤੌਰ ਤੇ ਮਦਦ ਕਰਦੇ ਰਹਿਣਾ ਚਾਹੀਦਾ ਹੈ। ਹੁਣ ਉਹ ਭਾਈ ਸਾਡੇ ਲਈ "ਠੱਗ" ਕੋਈ ਪੇਸ਼ੇ ਵਾਲ਼ਾ ਠੱਗ ਨਹੀਂ ਸਗੋਂ ਉਸ ਦਾ ਨਾਮ ਪੱਕ ਚੁੱਕਿਆ ਸੀ ਜਿਸ ਨੂੰ ਉਹ ਵੀ ਸ਼ਾਇਦ ਆਪਣਾ ਨਾਂ ਹੀ ਸਮਝਣ ਲੱਗ ਪਿਆ ਸੀ ਕਿਉਂਕਿ "ਠੱਗ" ਸ਼ਬਦ ਸਿਰਫ ਸਾਡੀਆਂ ਦੋਹਾਂ ਧਿਰਾਂ ਦੀਆਂ ਆਪਸੀ ਭਾਵਨਾਵਾਂ ਦਾ ਆਦਾਨ ਪ੍ਰਦਾਨ ਸੀ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

## Homeopathic Medicine and Notary Consultancy

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਲੋਕ ਸੰਘਰਸ਼ਾਂ ਦਾ ਅਡੋਲ ਸਿਪਾਹੀ ਕਾ: ਧਿਆਨ ਸਿੰਘ ਠਾਕੁਰ



ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

ਪੰਜਾਬ ਦੀ ਮਿੱਟੀ ਨੇ ਹਮੇਸ਼ਾ ਅਜਿਹੇ ਲੋਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋਕ ਹਿੱਤਾਂ, ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀਆਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਅਜਿਹੇ ਹੀ ਸੰਘਰਸ਼ਸ਼ੀਲ ਅਤੇ ਸਿਧਾਂਤਕ ਜੀਵਨ ਦੇ ਮਾਲਕ ਹਨ ਕਾ: ਧਿਆਨ ਸਿੰਘ ਠਾਕੁਰ, ਜਿਨ੍ਹਾਂ ਨੇ ਅਧਿਆਪਕ ਜੀਵਨ ਤੋਂ ਲੈ ਕੇ ਸਿਆਸੀ ਅਤੇ ਸਮਾਜਿਕ ਮੈਦਾਨ ਤੱਕ ਹਮੇਸ਼ਾ ਲੋਕ ਪੱਖੀ ਲੜਾਈਆਂ ਨੂੰ ਆਪਣਾ ਧਰਮ ਮੰਨਿਆ। ਕਾ: ਧਿਆਨ ਸਿੰਘ ਠਾਕੁਰ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਪਿੰਡ ਕਾਹਨੂੰਵਾਨ ਵਿੱਚ ਪਿਤਾ ਸ੍ਰੀ ਗਿਰਦਾਰੀ ਲਾਲ ਅਤੇ ਮਾਤਾ ਸ਼੍ਰੀਮਤੀ ਭੋਲਾ ਦੇਵੀ ਦੇ ਘਰ ਹੋਇਆ। ਸਧਾਰਨ ਪਰਿਵਾਰ ਵਿੱਚ ਜਨਮੇ ਕਾ: ਧਿਆਨ ਸਿੰਘ ਠਾਕੁਰ ਨੇ ਮੁੱਢਲੀ ਪੜ੍ਹਾਈ ਤੋਂ ਮੈਟ੍ਰਿਕ ਤੱਕ ਦੀ ਸਿੱਖਿਆ ਕਾਹਨੂੰਵਾਨ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਬੀ.ਏ. ਪਾਰਟ-ਵਨ ਪ੍ਰਾਈਵੇਟ ਤੌਰ 'ਤੇ ਪਾਸ ਕੀਤੀ ਅਤੇ ਆਪਣੀ ਰਚਨਾਤਮਕ ਰੁਚੀ ਨੂੰ ਅੱਗੇ ਵਧਾਉਂਦਿਆਂ ਕਾ: ਧਿਆਨ ਸਿੰਘ ਠਾਕੁਰ ਸਕੂਲ ਆਫ ਆਰਟਸ, ਅੰਮ੍ਰਿਤਸਰ ਤੋਂ ਦੋ ਸਾਲਾ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਦਾ ਕੋਰਸ ਕੀਤਾ। ਜਨਵਰੀ 1976 ਵਿੱਚ ਉਨ੍ਹਾਂ ਨੇ ਆਪਣਾ ਅਧਿਆਪਕ ਜੀਵਨ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਫਤਿਹਗੜ੍ਹ ਚੂੜੀਆਂ ਤੋਂ ਸ਼ੁਰੂ ਕੀਤਾ। ਉਨ੍ਹਾਂ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਸਕੂਲ ਦਾ ਉਹ ਸਮਾਂ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਹੀ ਵਿਲੱਖਣ ਅਤੇ ਯਾਦਗਾਰ ਦੌਰ ਸੀ। ਉਹ ਅਕਸਰ ਮੁਸਕਰਾਹਟ ਨਾਲ ਯਾਦ ਕਰਦੇ ਹਨ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਅਧਿਆਪਕ ਵਜੋਂ ਕਲਾਸਰੂਮ ਵਿੱਚ ਕਦਮ ਰੱਖਿਆ, ਤਾਂ ਉਨ੍ਹਾਂ ਸਾਹਮਣੇ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕਰ ਰਹੀਆਂ 95 ਵਿਦਿਆਰਥਣਾਂ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਹਰ ਇਕ ਵਿਦਿਆਰਥਣ ਉਮਰ ਵਿੱਚ ਉਨ੍ਹਾਂ ਨਾਲੋਂ ਵੱਡੀ ਸੀ, ਪਰ ਨੌਜਵਾਨ ਅਧਿਆਪਕ ਨੇ ਆਪਣੇ ਵਿਸ਼ੇ ਦੇ ਡੂੰਘੇ ਗਿਆਨ, ਲਗਨ ਅਤੇ ਪ੍ਰਭਾਵਸ਼ਾਲੀ ਪੜ੍ਹਾਉਣ ਦੇ ਢੰਗ ਨਾਲ ਜਲਦੀ ਹੀ ਸਭ ਨੂੰ ਪ੍ਰਭਾਵਿਤ ਕਰ ਦਿੱਤਾ ਅਤੇ ਇੱਕ ਕਾਬਲ ਅਧਿਆਪਕ ਵਜੋਂ ਆਪਣੀ ਵੱਖਰੀ ਪਛਾਣ ਬਣਾਈ। ਇਹ ਅਨੁਭਵ ਉਨ੍ਹਾਂ ਲਈ ਸਿਰਫ਼ ਇੱਕ ਅਧਿਆਪਕ ਦੇ ਤੌਰ 'ਤੇ ਨਹੀਂ, ਸਗੋਂ ਜੀਵਨ ਦੇ ਵੱਡੇ ਸਬਕ ਵਾਂਗ ਸੀ।

ਆਪਣੀ ਮਿਹਨਤ, ਲਗਨ ਅਤੇ ਉੱਚੇ ਸਿੱਖਿਆਕ ਮਿਆਰਾਂ ਸਦਕਾ ਕਾ: ਧਿਆਨ ਸਿੰਘ ਠਾਕੁਰ ਨੇ ਹਜ਼ਾਰਾਂ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੜ੍ਹਾਏ ਵਿਦਿਆਰਥੀ ਅੱਜ ਡਾਕਟਰਾਂ, ਇੰਜੀਨੀਅਰਾਂ, ਅਧਿਆਪਕਾਂ ਅਤੇ ਵੱਖ-ਵੱਖ ਪ੍ਰਤਿਸ਼ਠਿਤ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਸਮਾਜ ਦੀ ਸੇਵਾ ਕਰ ਰਹੇ ਹਨ।

ਫਤਿਹਗੜ੍ਹ ਚੂੜੀਆਂ ਦੇ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਵਿਖੇ ਹੀ ਉਨ੍ਹਾਂ ਦੀ ਮੁਲਾਕਾਤ ਕਾ: ਵਿਜੇ ਮਿਸ਼ਰਾ ਨਾਲ ਹੋਈ, ਜੋ ਉਸ ਵੇਲੇ ਸਾਇੰਸ ਮਾਸਟਰ ਹੋਣ ਦੇ ਨਾਲ-ਨਾਲ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਵੀ ਸਨ। ਕਾਮਰੇਡ ਮਿਸ਼ਰਾ ਦੇ ਸੰਪਰਕ ਨੇ ਧਿਆਨ ਸਿੰਘ ਦੀ ਸੋਚ ਨੂੰ ਨਵਾਂ ਮੋੜ ਦਿੱਤਾ ਅਤੇ ਉਥੋਂ ਹੀ ਉਨ੍ਹਾਂ ਦੀ ਸਿਆਸੀ ਚੇਤਨਾ ਦਾ ਆਗਾਜ਼ ਹੋਇਆ। ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਿਆਸੀ ਗੁੜਤੀ ਕਾਮਰੇਡ ਵਿਜੇ ਮਿਸ਼ਰਾ ਤੋਂ ਹੀ ਮਿਲੀ। ਬਾਅਦ ਵਿੱਚ ਕਾਮਰੇਡ ਮਿਸ਼ਰਾ ਨੇ ਨੌਕਰੀ ਛੱਡ ਕੇ ਸੀ.ਪੀ.ਆਈ ਐਮ. ਵਿੱਚ ਸ਼ਾਮਲ ਹੋ ਕੇ ਕੇਂਦਰੀ ਕਮੇਟੀ ਮੈਂਬਰ ਤੱਕ ਦਾ ਸਫ਼ਰ ਤੈਅ ਕੀਤਾ।

ਕਾਮਰੇਡ ਮਿਸ਼ਰਾ ਦੇ ਨਕਸ਼ੇ ਕਦਮ 'ਤੇ ਚਲਦਿਆਂ ਠਾਕੁਰ ਧਿਆਨ ਸਿੰਘ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਿੱਚ ਬੜੀ ਸਰਗਰਮੀ ਨਾਲ ਸਾਥੀਆਂ ਨਾਲ ਮਿਲ ਕੇ ਕੰਮ ਕੀਤਾ ਅਤੇ ਅਨੇਕਾਂ ਅਧਿਆਪਕ ਮਸਲਿਆਂ ਦੇ ਹੱਲ ਲਈ ਸੰਘਰਸ਼ ਕੀਤੇ। ਮਾਰਚ 1989 ਵਿੱਚ ਉਨ੍ਹਾਂ ਨੂੰ ਦਨੇਰਾ ਵਿਖੇ ਆਰਟ ਐਂਡ ਕਰਾਫਟ ਅਧਿਆਪਕ ਵਜੋਂ ਸਰਕਾਰੀ ਨੌਕਰੀ ਮਿਲੀ। ਸਰਕਾਰੀ ਸੇਵਾ ਦੌਰਾਨ ਉਹ ਗੌਰਮਿੰਟ ਟੀਚਰ ਯੂਨੀਅਨ ਦੇ ਬਲਾਕ ਪ੍ਰਧਾਨ ਪਠਾਨਕੋਟ ਅਤੇ ਗੁਰਦਾਸਪੁਰ ਤੋਂ ਲੈ ਕੇ ਸੇਵਾ ਮੁਕਤੀ ਤੱਕ ਗੌਰਮਿੰਟ ਟੀਚਰ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਰਹੇ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਪੱਧਰ 'ਤੇ ਗੋਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਕੈਸ਼ੀਅਰ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਕਈ ਅਹਿਮ ਅਹੁਦਿਆਂ 'ਤੇ ਰਹਿ ਕੇ ਮੁਲਾਜ਼ਮ ਹੱਕਾਂ ਦੀ ਲੜਾਈ ਲੜੀ। ਉਨ੍ਹਾਂ ਦੀ ਅਗਵਾਈ ਹੇਠ ਅਨੇਕਾਂ ਸੰਘਰਸ਼ ਹੋਏ, ਜਿਨ੍ਹਾਂ ਨੇ ਮੁਲਾਜ਼ਮ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਠਾਕੁਰ ਧਿਆਨ ਸਿੰਘ ਦੇ ਆਦਰਸ਼ ਸ਼ਹੀਦੇ-ਆਜ਼ਮ ਸ੍ਰੀ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਰਹੇ ਹਨ। ਮਾਰਕਸਵਾਦੀ-ਲੇਨਿਨਵਾਦੀ ਵਿਚਾਰਧਾਰਾ ਨੂੰ ਜੀਵਨ ਦਾ ਮੂਲ ਮੰਨਦਿਆਂ ਉਨ੍ਹਾਂ ਨੇ ਹਮੇਸ਼ਾ ਕਿਰਤੀ ਵਰਗ ਦੀ ਅਵਾਜ਼ ਨੂੰ ਮਜ਼ਬੂਤ ਕੀਤਾ। ਸੇਵਾ ਮੁਕਤੀ ਤੋਂ ਬਾਅਦ ਵੀ ਉਹ ਸੰਘਰਸ਼ਾਂ ਤੋਂ ਦੂਰ ਨਹੀਂ ਹੋਏ, ਸਗੋਂ ਕਿਸਾਨਾਂ, ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਮਸਲਿਆਂ ਲਈ ਪਹਿਲਾਂ ਨਾਲੋਂ ਵੱਧ ਸਰਗਰਮ ਹੋ ਗਏ। ਉਹ ਸੀਪੀਈਐਮ ਦੇ ਜ਼ਿਲ੍ਹਾ ਸਕੱਤਰ ਅਤੇ ਦੋ ਵਾਰ ਸੂਬਾ ਕਮੇਟੀ ਮੈਂਬਰ ਵੀ ਰਹੇ।

ਕੁਝ ਵਿਚਾਰਧਾਰਕ ਕਾਰਨਾਂ ਕਰਕੇ ਉਨ੍ਹਾਂ ਨੂੰ ਸੀ.ਪੀ.ਐਮ. ਛੱਡਣੀ ਪਈ, ਪਰ ਲੋਕ ਸੰਘਰਸ਼ਾਂ ਨਾਲ ਉਨ੍ਹਾਂ ਦਾ ਨਾਤਾ ਕਦੇ ਨਹੀਂ ਟੁੱਟਿਆ। ਇਸ ਵੇਲੇ ਕਾ: ਧਿਆਨ ਸਿੰਘ ਠਾਕਰ ਰੈਵੋਲੂਸ਼ਨਰੀ ਮਾਰਕਸਵਾਦੀ ਪਾਰਟੀ ਆਫ ਇੰਡੀਆ(ਆਰ.ਐਮ.ਪੀ.ਆਈ.) ਵਿੱਚ ਸਰਗਰਮ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਪਾਰਟੀ ਦੀ ਸਟੇਟ ਕਮੇਟੀ ਦੇ ਮੈਂਬਰ ਹਨ। ਇਸ ਤੋਂ ਇਲਾਵਾ ਉਹ ਕਿਰਤੀਆਂ ਦੀ ਜਥੇਬੰਦੀ ਸੀ.ਟੀ.ਯੂ. ਵਿੱਚ ਜ਼ਿਲ੍ਹਾ ਸਕੱਤਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਮਜ਼ਦੂਰਾਂ ਦੇ ਭੱਖਦੇ ਮਸਲਿਆਂ ਪ੍ਰਤੀ ਉਨ੍ਹਾਂ ਦਾ ਸੰਘਰਸ਼ ਅੱਜ ਵੀ ਲਗਾਤਾਰ ਜਾਰੀ ਹੈ।

ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤੱਕ ਕਿਰਤੀਆਂ, ਕਿਸਾਨਾਂ ਅਤੇ ਬੇਰੁਜ਼ਗਾਰਾਂ ਦੇ ਦੁੱਖਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤੱਕ ਇਹ ਲੜਾਈ ਜਾਰੀ ਰਹੇਗੀ। ਇਹੀ ਜਜ਼ਬਾ ਉਨ੍ਹਾਂ ਨੂੰ ਇੱਕ ਆਮ ਵਿਅਕਤੀ ਤੋਂ ਲੋਕ ਆਗੂ ਬਣਾਉਂਦਾ ਹੈ।

ਪਰਿਵਾਰਕ ਜੀਵਨ ਵਿੱਚ ਵੀ ਕਾ: ਧਿਆਨ ਸਿੰਘ ਠਾਕੁਰ ਬੇਹੱਦ ਖੁਸ਼ਕਿਸਮਤ ਰਹੇ ਹਨ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਸੁਰੇਸ਼ ਕੁਮਾਰੀ (ਸੀਨੀਅਰ ਕਲਰਕ ਬਿਜਲੀ ਬੋਰਡ) ਨੇ ਹਰ ਸੰਘਰਸ਼ ਵਿੱਚ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਦੇ ਤਿੰਨੋਂ ਬੱਚੇ ਡਾਕਟਰੀ ਖੇਤਰ ਵਿੱਚ ਨਾਮ ਕਮਾ ਰਹੇ ਹਨ। ਵੱਡੀ ਬੇਟੀ ਡਾ. ਦੀਪਕਾ ਠਾਕੁਰ ਬੀ.ਏ.ਐਮ.ਐਸ. ਕਰਕੇ ਇਸ ਵੇਲੇ ਆਯੂਰਵੈਦਿਕ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਦੂਜੀ ਬੇਟੀ ਡਾ. ਸਿੰਪੀਕਾ ਠਾਕੁਰ ਐਮ.ਡੀ. ਐਨੇਸਥੀਸੀਆ ਕਰਕੇ ਦਿੱਲੀ ਵਿੱਚ ਸੇਵਾ ਨਿਭਾ ਰਹੀ ਹੈ, ਜਦ ਕਿ ਬੇਟਾ ਡਾ. ਦੀਪਕ ਸਿੰਘ ਠਾਕੁਰ ਐਮ.ਡੀ. ਸਰਜਰੀ ਦੀ ਪੜ੍ਹਾਈ ਰਾਜਿੰਦਰਾ ਮੈਡੀਕਲ ਕਾਲਜ, ਪਟਿਆਲਾ ਵਿੱਚ ਦੂਸਰੇ ਸਾਲ ਵਿੱਚ ਹੈ।

ਠਾਕੁਰ ਧਿਆਨ ਸਿੰਘ ਦੀ ਜ਼ਿੰਦਗੀ ਸੰਘਰਸ਼, ਉੱਚੇ ਸਿਧਾਂਤਾਂ ਅਤੇ ਨਿਸ਼ਕਾਮ ਲੋਕ ਸੇਵਾ ਦਾ ਇੱਕ ਪ੍ਰੇਰਣਾਦਾਇਕ ਸਫ਼ਰ ਹੈ। ਆਪਣੀ ਦ੍ਰਿੜ ਇੱਛਾ-ਸ਼ਕਤੀ, ਇਮਾਨਦਾਰੀ ਅਤੇ ਸਮਾਜ ਪ੍ਰਤੀ ਸਮਰਪਣ ਸਦਕਾ ਉਹਨਾਂ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਬਣਾਇਆ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਜ਼ਿੰਦਾ ਮਿਸਾਲ ਵੀ ਕਾਇਮ ਕੀਤੀ ਹੈ। ਉਹਨਾਂ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਮਿਹਨਤ, ਸੱਚਾਈ ਅਤੇ ਸੇਵਾ ਭਾਵਨਾ ਨਾਲ ਹਰ ਮੁਸ਼ਕਲ ਨੂੰ ਮੌਕੇ ਵਿੱਚ ਬਦਲਿਆ ਜਾ ਸਕਦਾ ਹੈ। ਵਰਤਮਾਨ ਵਿੱਚ ਉਹ ਬਹਿਰਾਮਪੁਰ ਰੋਡ ਨੇੜੇ ਦਿੱਲੀ ਪਬਲਿਕ ਸਕੂਲ, ਗੁਰਦਾਸਪੁਰ ਦੇ ਕੋਲ ਆਪਣੇ ਪਰਿਵਾਰ ਸਮੇਤ ਨਿਵਾਸ ਕਰ ਰਹੇ ਹਨ ਅਤੇ ਸਮਾਜਿਕ ਸਰੋਕਾਰਾਂ ਨਾਲ ਅੱਜ ਵੀ ਸਰਗਰਮੀ ਨਾਲ ਜੁੜੇ ਹੋਏ ਹਨ।

ਪੰਜਾਬ ਦੀ ਮਿੱਟੀ ਨੇ ਹਮੇਸ਼ਾ ਅਜਿਹੇ ਲੋਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋਕ ਹਿੱਤਾਂ, ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀਆਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਅਜਿਹੇ ਹੀ ਸੰਘਰਸ਼ਸ਼ੀਲ ਅਤੇ ਸਿਧਾਂਤਕ ਜੀਵਨ ਦੇ ਮਾਲਕ ਹਨ ਕਾ: ਧਿਆਨ ਸਿੰਘ ਠਾਕੁਰ, ਜਿਨ੍ਹਾਂ ਨੇ ਅਧਿਆਪਕ ਜੀਵਨ ਤੋਂ ਲੈ ਕੇ ਸਿਆਸੀ ਅਤੇ ਸਮਾਜਿਕ ਮੈਦਾਨ ਤੱਕ ਹਮੇਸ਼ਾ ਲੋਕ ਪੱਖੀ ਲੜਾਈਆਂ ਨੂੰ ਆਪਣਾ ਧਰਮ ਮੰਨਿਆ। ਕਾ: ਧਿਆਨ ਸਿੰਘ ਠਾਕੁਰ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਪਿੰਡ ਕਾਹਨੂੰਵਾਨ ਵਿੱਚ ਪਿਤਾ ਸ੍ਰੀ ਗਿਰਦਾਰੀ ਲਾਲ ਅਤੇ ਮਾਤਾ ਸ਼੍ਰੀਮਤੀ ਭੋਲਾ ਦੇਵੀ ਦੇ ਘਰ ਹੋਇਆ। ਸਧਾਰਨ ਪਰਿਵਾਰ ਵਿੱਚ ਜਨਮੇ ਕਾ: ਧਿਆਨ ਸਿੰਘ ਠਾਕੁਰ ਨੇ ਮੁੱਢਲੀ ਪੜ੍ਹਾਈ ਤੋਂ ਮੈਟ੍ਰਿਕ ਤੱਕ ਦੀ ਸਿੱਖਿਆ ਕਾਹਨੂੰਵਾਨ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਬੀ.ਏ. ਪਾਰਟ-ਵਨ ਪ੍ਰਾਈਵੇਟ ਤੌਰ 'ਤੇ ਪਾਸ ਕੀਤੀ ਅਤੇ ਆਪਣੀ ਰਚਨਾਤਮਕ ਰੁਚੀ ਨੂੰ ਅੱਗੇ ਵਧਾਉਂਦਿਆਂ ਕਾ: ਧਿਆਨ ਸਿੰਘ ਠਾਕੁਰ ਸਕੂਲ ਆਫ ਆਰਟਸ, ਅੰਮ੍ਰਿਤਸਰ ਤੋਂ ਦੋ ਸਾਲਾ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਦਾ ਕੋਰਸ ਕੀਤਾ। ਜਨਵਰੀ 1976 ਵਿੱਚ ਉਨ੍ਹਾਂ ਨੇ ਆਪਣਾ ਅਧਿਆਪਕ ਜੀਵਨ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਫਤਿਹਗੜ੍ਹ ਚੂੜੀਆਂ ਤੋਂ ਸ਼ੁਰੂ ਕੀਤਾ। ਉਨ੍ਹਾਂ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਸਕੂਲ ਦਾ ਉਹ ਸਮਾਂ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਹੀ ਵਿਲੱਖਣ ਅਤੇ ਯਾਦਗਾਰ ਦੌਰ ਸੀ। ਉਹ ਅਕਸਰ ਮੁਸਕਰਾਹਟ ਨਾਲ ਯਾਦ ਕਰਦੇ ਹਨ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਅਧਿਆਪਕ ਵਜੋਂ ਕਲਾਸਰੂਮ ਵਿੱਚ ਕਦਮ ਰੱਖਿਆ, ਤਾਂ ਉਨ੍ਹਾਂ ਸਾਹਮਣੇ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕਰ ਰਹੀਆਂ 95 ਵਿਦਿਆਰਥਣਾਂ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਹਰ ਇਕ ਵਿਦਿਆਰਥਣ ਉਮਰ ਵਿੱਚ ਉਨ੍ਹਾਂ ਨਾਲੋਂ ਵੱਡੀ ਸੀ, ਪਰ ਨੌਜਵਾਨ ਅਧਿਆਪਕ ਨੇ ਆਪਣੇ ਵਿਸ਼ੇ ਦੇ ਡੂੰਘੇ ਗਿਆਨ, ਲਗਨ ਅਤੇ ਪ੍ਰਭਾਵਸ਼ਾਲੀ ਪੜ੍ਹਾਉਣ ਦੇ ਢੰਗ ਨਾਲ ਜਲਦੀ ਹੀ ਸਭ ਨੂੰ ਪ੍ਰਭਾਵਿਤ ਕਰ ਦਿੱਤਾ ਅਤੇ ਇੱਕ ਕਾਬਲ ਅਧਿਆਪਕ ਵਜੋਂ ਆਪਣੀ ਵੱਖਰੀ ਪਛਾਣ ਬਣਾਈ। ਇਹ ਅਨੁਭਵ ਉਨ੍ਹਾਂ ਲਈ ਸਿਰਫ਼ ਇੱਕ ਅਧਿਆਪਕ ਦੇ ਤੌਰ 'ਤੇ ਨਹੀਂ, ਸਗੋਂ ਜੀਵਨ ਦੇ ਵੱਡੇ ਸਬਕ ਵਾਂਗ ਸੀ।

ਆਪਣੀ ਮਿਹਨਤ, ਲਗਨ ਅਤੇ ਉੱਚੇ ਸਿੱਖਿਆਕ ਮਿਆਰਾਂ ਸਦਕਾ ਕਾ: ਧਿਆਨ ਸਿੰਘ ਠਾਕੁਰ ਨੇ ਹਜ਼ਾਰਾਂ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੜ੍ਹਾਏ ਵਿਦਿਆਰਥੀ ਅੱਜ ਡਾਕਟਰਾਂ, ਇੰਜੀਨੀਅਰਾਂ, ਅਧਿਆਪਕਾਂ ਅਤੇ ਵੱਖ-ਵੱਖ ਪ੍ਰਤਿਸ਼ਠਿਤ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਸਮਾਜ ਦੀ ਸੇਵਾ ਕਰ ਰਹੇ ਹਨ।

ਫਤਿਹਗੜ੍ਹ ਚੂੜੀਆਂ ਦੇ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਵਿਖੇ ਹੀ ਉਨ੍ਹਾਂ ਦੀ ਮੁਲਾਕਾਤ ਕਾ: ਵਿਜੇ ਮਿਸ਼ਰਾ ਨਾਲ ਹੋਈ, ਜੋ ਉਸ ਵੇਲੇ ਸਾਇੰਸ ਮਾਸਟਰ ਹੋਣ ਦੇ ਨਾਲ-ਨਾਲ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਵੀ ਸਨ। ਕਾਮਰੇਡ ਮਿਸ਼ਰਾ ਦੇ ਸੰਪਰਕ ਨੇ ਧਿਆਨ ਸਿੰਘ ਦੀ ਸੋਚ ਨੂੰ ਨਵਾਂ ਮੋੜ ਦਿੱਤਾ ਅਤੇ ਉਥੋਂ ਹੀ ਉਨ੍ਹਾਂ ਦੀ ਸਿਆਸੀ ਚੇਤਨਾ ਦਾ ਆਗਾਜ਼ ਹੋਇਆ। ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਿਆਸੀ ਗੁੜਤੀ ਕਾਮਰੇਡ ਵਿਜੇ ਮਿਸ਼ਰਾ ਤੋਂ ਹੀ ਮਿਲੀ। ਬਾਅਦ ਵਿੱਚ ਕਾਮਰੇਡ ਮਿਸ਼ਰਾ ਨੇ ਨੌਕਰੀ ਛੱਡ ਕੇ ਸੀ.ਪੀ.ਆਈ ਐਮ. ਵਿੱਚ ਸ਼ਾਮਲ ਹੋ ਕੇ ਕੇਂਦਰੀ ਕਮੇਟੀ ਮੈਂਬਰ ਤੱਕ ਦਾ ਸਫ਼ਰ ਤੈਅ ਕੀਤਾ।

ਕਾਮਰੇਡ ਮਿਸ਼ਰਾ ਦੇ ਨਕਸ਼ੇ ਕਦਮ 'ਤੇ ਚਲਦਿਆਂ ਠਾਕੁਰ ਧਿਆਨ ਸਿੰਘ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਿੱਚ ਬੜੀ ਸਰਗਰਮੀ ਨਾਲ ਸਾਥੀਆਂ ਨਾਲ ਮਿਲ ਕੇ ਕੰਮ ਕੀਤਾ ਅਤੇ ਅਨੇਕਾਂ ਅਧਿਆਪਕ ਮਸਲਿਆਂ ਦੇ ਹੱਲ ਲਈ ਸੰਘਰਸ਼ ਕੀਤੇ।

ਮਾਰਚ 1989 ਵਿੱਚ ਉਨ੍ਹਾਂ ਨੂੰ ਦਨੇਰਾ ਵਿਖੇ ਆਰਟ ਐਂਡ ਕਰਾਫਟ ਅਧਿਆਪਕ ਵਜੋਂ ਸਰਕਾਰੀ ਨੌਕਰੀ ਮਿਲੀ। ਸਰਕਾਰੀ ਸੇਵਾ ਦੌਰਾਨ ਉਹ ਗੌਰਮਿੰਟ ਟੀਚਰ ਯੂਨੀਅਨ ਦੇ ਬਲਾਕ ਪ੍ਰਧਾਨ ਪਠਾਨਕੋਟ ਅਤੇ ਗੁਰਦਾਸਪੁਰ ਤੋਂ ਲੈ ਕੇ ਸੇਵਾ ਮੁਕਤੀ ਤੱਕ ਗੌਰਮਿੰਟ ਟੀਚਰ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਰਹੇ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਪੱਧਰ 'ਤੇ ਗੋਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਕੈਸ਼ੀਅਰ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਕਈ ਅਹਿਮ ਅਹੁਦਿਆਂ 'ਤੇ ਰਹਿ ਕੇ ਮੁਲਾਜ਼ਮ ਹੱਕਾਂ ਦੀ ਲੜਾਈ ਲੜੀ। ਉਨ੍ਹਾਂ ਦੀ ਅਗਵਾਈ ਹੇਠ ਅਨੇਕਾਂ ਸੰਘਰਸ਼ ਹੋਏ, ਜਿਨ੍ਹਾਂ ਨੇ ਮੁਲਾਜ਼ਮ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਠਾਕੁਰ ਧਿਆਨ ਸਿੰਘ ਦੇ ਆਦਰਸ਼ ਸ਼ਹੀਦੇ-ਆਜ਼ਮ ਸ੍ਰੀ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਰਹੇ ਹਨ। ਮਾਰਕਸਵਾਦੀ-ਲੇਨਿਨਵਾਦੀ ਵਿਚਾਰਧਾਰਾ ਨੂੰ ਜੀਵਨ ਦਾ ਮੂਲ ਮੰਨਦਿਆਂ ਉਨ੍ਹਾਂ ਨੇ ਹਮੇਸ਼ਾ ਕਿਰਤੀ ਵਰਗ ਦੀ ਅਵਾਜ਼ ਨੂੰ ਮਜ਼ਬੂਤ ਕੀਤਾ। ਸੇਵਾ ਮੁਕਤੀ ਤੋਂ ਬਾਅਦ ਵੀ ਉਹ ਸੰਘਰਸ਼ਾਂ ਤੋਂ ਦੂਰ ਨਹੀਂ ਹੋਏ, ਸਗੋਂ ਕਿਸਾਨਾਂ, ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਮਸਲਿਆਂ ਲਈ ਪਹਿਲਾਂ ਨਾਲੋਂ ਵੱਧ ਸਰਗਰਮ ਹੋ ਗਏ। ਉਹ ਸੀਪੀਈਐਮ ਦੇ ਜ਼ਿਲ੍ਹਾ ਸਕੱਤਰ ਅਤੇ ਦੋ ਵਾਰ ਸੂਬਾ ਕਮੇਟੀ ਮੈਂਬਰ ਵੀ ਰਹੇ।

ਕੁਝ ਵਿਚਾਰਧਾਰਕ ਕਾਰਨਾਂ ਕਰਕੇ ਉਨ੍ਹਾਂ ਨੂੰ ਸੀ.ਪੀ.ਐਮ. ਛੱਡਣੀ ਪਈ, ਪਰ ਲੋਕ ਸੰਘਰਸ਼ਾਂ ਨਾਲ ਉਨ੍ਹਾਂ ਦਾ ਨਾਤਾ ਕਦੇ ਨਹੀਂ ਟੁੱਟਿਆ। ਇਸ ਵੇਲੇ ਕਾ: ਧਿਆਨ ਸਿੰਘ ਠਾਕਰ ਰੈਵੋਲੂਸ਼ਨਰੀ ਮਾਰਕਸਵਾਦੀ ਪਾਰਟੀ ਆਫ ਇੰਡੀਆ(ਆਰ.ਐਮ.ਪੀ.ਆਈ.) ਵਿੱਚ ਸਰਗਰਮ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਪਾਰਟੀ ਦੀ ਸਟੇਟ ਕਮੇਟੀ ਦੇ ਮੈਂਬਰ ਹਨ। ਇਸ ਤੋਂ ਇਲਾਵਾ ਉਹ ਕਿਰਤੀਆਂ ਦੀ ਜਥੇਬੰਦੀ ਸੀ.ਟੀ.ਯੂ. ਵਿੱਚ ਜ਼ਿਲ੍ਹਾ ਸਕੱਤਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਮਜ਼ਦੂਰਾਂ ਦੇ ਭੱਖਦੇ ਮਸਲਿਆਂ ਪ੍ਰਤੀ ਉਨ੍ਹਾਂ ਦਾ ਸੰਘਰਸ਼ ਅੱਜ ਵੀ ਲਗਾਤਾਰ ਜਾਰੀ ਹੈ।

ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤੱਕ ਕਿਰਤੀਆਂ, ਕਿਸਾਨਾਂ ਅਤੇ ਬੇਰੁਜ਼ਗਾਰਾਂ ਦੇ ਦੁੱਖਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤੱਕ ਇਹ ਲੜਾਈ ਜਾਰੀ ਰਹੇਗੀ। ਇਹੀ ਜਜ਼ਬਾ ਉਨ੍ਹਾਂ ਨੂੰ ਇੱਕ ਆਮ ਵਿਅਕਤੀ ਤੋਂ ਲੋਕ ਆਗੂ ਬਣਾਉਂਦਾ ਹੈ।ਪਰਿਵਾਰਕ ਜੀਵਨ ਵਿੱਚ ਵੀ ਕਾ: ਧਿਆਨ ਸਿੰਘ ਠਾਕੁਰ ਬੇਹੱਦ ਖੁਸ਼ਕਿਸਮਤ ਰਹੇ ਹਨ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਸੁਰੇਸ਼ ਕੁਮਾਰੀ (ਸੀਨੀਅਰ ਕਲਰਕ ਬਿਜਲੀ ਬੋਰਡ) ਨੇ ਹਰ ਸੰਘਰਸ਼ ਵਿੱਚ ਉਨ੍ਹਾਂ ਦਾ ਸਾਥ ਦਿੱਤਾ।

ਉਨ੍ਹਾਂ ਦੇ ਤਿੰਨੋਂ ਬੱਚੇ ਡਾਕਟਰੀ ਖੇਤਰ ਵਿੱਚ ਨਾਮ ਕਮਾ ਰਹੇ ਹਨ। ਵੱਡੀ ਬੇਟੀ ਡਾ. ਦੀਪਕਾ ਠਾਕੁਰ ਬੀ.ਏ.ਐਮ.ਐਸ. ਕਰਕੇ ਇਸ ਵੇਲੇ ਆਯੂਰਵੈਦਿਕ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਦੂਜੀ ਬੇਟੀ ਡਾ. ਸਿੰਪੀਕਾ ਠਾਕੁਰ ਐਮ.ਡੀ. ਐਨੇਸਥੀਸੀਆ ਕਰਕੇ ਦਿੱਲੀ ਵਿੱਚ ਸੇਵਾ ਨਿਭਾ ਰਹੀ ਹੈ, ਜਦ ਕਿ ਬੇਟਾ ਡਾ. ਦੀਪਕ ਸਿੰਘ ਠਾਕੁਰ ਐਮ.ਡੀ. ਸਰਜਰੀ ਦੀ ਪੜ੍ਹਾਈ ਰਾਜਿੰਦਰਾ ਮੈਡੀਕਲ ਕਾਲਜ, ਪਟਿਆਲਾ ਵਿੱਚ ਦੂਸਰੇ ਸਾਲ ਵਿੱਚ ਹੈ।

ਠਾਕੁਰ ਧਿਆਨ ਸਿੰਘ ਦੀ ਜ਼ਿੰਦਗੀ ਸੰਘਰਸ਼, ਉੱਚੇ ਸਿਧਾਂਤਾਂ ਅਤੇ ਨਿਸ਼ਕਾਮ ਲੋਕ ਸੇਵਾ ਦਾ ਇੱਕ ਪ੍ਰੇਰਣਾਦਾਇਕ ਸਫ਼ਰ ਹੈ। ਆਪਣੀ ਦ੍ਰਿੜ ਇੱਛਾ-ਸ਼ਕਤੀ, ਇਮਾਨਦਾਰੀ ਅਤੇ ਸਮਾਜ ਪ੍ਰਤੀ ਸਮਰਪਣ ਸਦਕਾ ਉਹਨਾਂ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਬਣਾਇਆ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਜ਼ਿੰਦਾ ਮਿਸਾਲ ਵੀ ਕਾਇਮ ਕੀਤੀ ਹੈ।

ਉਹਨਾਂ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਮਿਹਨਤ, ਸੱਚਾਈ ਅਤੇ ਸੇਵਾ ਭਾਵਨਾ ਨਾਲ ਹਰ ਮੁਸ਼ਕਲ ਨੂੰ ਮੌਕੇ ਵਿੱਚ ਬਦਲਿਆ ਜਾ ਸਕਦਾ ਹੈ। ਵਰਤਮਾਨ ਵਿੱਚ ਉਹ ਬਹਿਰਾਮਪੁਰ ਰੋਡ ਨੇੜੇ ਦਿੱਲੀ ਪਬਲਿਕ ਸਕੂਲ, ਗੁਰਦਾਸਪੁਰ ਦੇ ਕੋਲ ਆਪਣੇ ਪਰਿਵਾਰ ਸਮੇਤ ਨਿਵਾਸ ਕਰ ਰਹੇ ਹਨ ਅਤੇ ਸਮਾਜਿਕ ਸਰੋਕਾਰਾਂ ਨਾਲ ਅੱਜ ਵੀ ਸਰਗਰਮੀ ਨਾਲ ਜੁੜੇ ਹੋਏ ਹਨ।

ਪੰਜਾਬ ਦੀ ਮਿੱਟੀ ਨੇ ਹਮੇਸ਼ਾ ਅਜਿਹੇ ਲੋਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋਕ ਹਿੱਤਾਂ, ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀਆਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਅਜਿਹੇ ਹੀ ਸੰਘਰਸ਼ਸ਼ੀਲ ਅਤੇ ਸਿਧਾਂਤਕ ਜੀਵਨ ਦੇ ਮਾਲਕ ਹਨ ਕਾ: ਧਿਆਨ ਸਿੰਘ ਠਾਕੁਰ, ਜਿਨ੍ਹਾਂ ਨੇ ਅਧਿਆਪਕ ਜੀਵਨ ਤੋਂ ਲੈ ਕੇ ਸਿਆਸੀ ਅਤੇ ਸਮਾਜਿਕ ਮੈਦਾਨ ਤੱਕ ਹਮੇਸ਼ਾ ਲੋਕ ਪੱਖੀ ਲੜਾਈਆਂ ਨੂੰ ਆਪਣਾ ਧਰਮ ਮੰਨਿਆ। ਕਾ: ਧਿਆਨ ਸਿੰਘ ਠਾਕੁਰ ਦਾ ਜਨਮ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਪਿੰਡ ਕਾਹਨੂੰਵਾਨ ਵਿੱਚ ਪਿਤਾ ਸ੍ਰੀ ਗਿਰਦਾਰੀ ਲਾਲ ਅਤੇ ਮਾਤਾ ਸ਼੍ਰੀਮਤੀ ਭੋਲਾ ਦੇਵੀ ਦੇ ਘਰ ਹੋਇਆ। ਸਧਾਰਨ ਪਰਿਵਾਰ ਵਿੱਚ ਜਨਮੇ ਕਾ: ਧਿਆਨ ਸਿੰਘ ਠਾਕੁਰ ਨੇ ਮੁੱਢਲੀ ਪੜ੍ਹਾਈ ਤੋਂ ਮੈਟ੍ਰਿਕ ਤੱਕ ਦੀ ਸਿੱਖਿਆ ਕਾਹਨੂੰਵਾਨ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਬੀ.ਏ. ਪਾਰਟ-ਵਨ ਪ੍ਰਾਈਵੇਟ ਤੌਰ 'ਤੇ ਪਾਸ ਕੀਤੀ ਅਤੇ ਆਪਣੀ ਰਚਨਾਤਮਕ ਰੁਚੀ ਨੂੰ ਅੱਗੇ ਵਧਾਉਂਦਿਆਂ ਕਾ: ਧਿਆਨ ਸਿੰਘ ਠਾਕੁਰ ਸਕੂਲ ਆਫ ਆਰਟਸ, ਅੰਮ੍ਰਿਤਸਰ ਤੋਂ ਦੋ ਸਾਲਾ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਦਾ ਕੋਰਸ ਕੀਤਾ। ਜਨਵਰੀ 1976 ਵਿੱਚ ਉਨ੍ਹਾਂ ਨੇ ਆਪਣਾ ਅਧਿਆਪਕ ਜੀਵਨ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਫਤਿਹਗੜ੍ਹ ਚੂੜੀਆਂ ਤੋਂ ਸ਼ੁਰੂ ਕੀਤਾ।

ਉਨ੍ਹਾਂ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦੱਸਿਆ ਕਿ ਸਕੂਲ ਦਾ ਉਹ ਸਮਾਂ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਹੀ ਵਿਲੱਖਣ ਅਤੇ ਯਾਦਗਾਰ ਦੌਰ ਸੀ। ਉਹ ਅਕਸਰ ਮੁਸਕਰਾਹਟ ਨਾਲ ਯਾਦ ਕਰਦੇ ਹਨ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਅਧਿਆਪਕ ਵਜੋਂ ਕਲਾਸਰੂਮ ਵਿੱਚ ਕਦਮ ਰੱਖਿਆ, ਤਾਂ ਉਨ੍ਹਾਂ ਸਾਹਮਣੇ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਕਰ ਰਹੀਆਂ 95 ਵਿਦਿਆਰਥਣਾਂ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਹਰ ਇਕ ਵਿਦਿਆਰਥਣ ਉਮਰ ਵਿੱਚ ਉਨ੍ਹਾਂ ਨਾਲੋਂ ਵੱਡੀ ਸੀ, ਪਰ ਨੌਜਵਾਨ ਅਧਿਆਪਕ ਨੇ ਆਪਣੇ ਵਿਸ਼ੇ ਦੇ ਡੂੰਘੇ ਗਿਆਨ, ਲਗਨ ਅਤੇ ਪ੍ਰਭਾਵਸ਼ਾਲੀ ਪੜ੍ਹਾਉਣ ਦੇ ਢੰਗ ਨਾਲ ਜਲਦੀ ਹੀ ਸਭ ਨੂੰ ਪ੍ਰਭਾਵਿਤ ਕਰ ਦਿੱਤਾ ਅਤੇ ਇੱਕ ਕਾਬਲ ਅਧਿਆਪਕ ਵਜੋਂ ਆਪਣੀ ਵੱਖਰੀ ਪਛਾਣ ਬਣਾਈ। ਇਹ ਅਨੁਭਵ ਉਨ੍ਹਾਂ ਲਈ ਸਿਰਫ਼ ਇੱਕ ਅਧਿਆਪਕ ਦੇ ਤੌਰ 'ਤੇ ਨਹੀਂ, ਸਗੋਂ ਜੀਵਨ ਦੇ ਵੱਡੇ ਸਬਕ ਵਾਂਗ ਸੀ।

ਆਪਣੀ ਮਿਹਨਤ, ਲਗਨ ਅਤੇ ਉੱਚੇ ਸਿੱਖਿਆਕ ਮਿਆਰਾਂ ਸਦਕਾ ਕਾ: ਧਿਆਨ ਸਿੰਘ ਠਾਕੁਰ ਨੇ ਹਜ਼ਾਰਾਂ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੜ੍ਹਾਏ ਵਿਦਿਆਰਥੀ ਅੱਜ ਡਾਕਟਰਾਂ, ਇੰਜੀਨੀਅਰਾਂ, ਅਧਿਆਪਕਾਂ ਅਤੇ ਵੱਖ-ਵੱਖ ਪ੍ਰਤਿਸ਼ਠਿਤ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਸਮਾਜ ਦੀ ਸੇਵਾ ਕਰ ਰਹੇ ਹਨ।

ਫਤਿਹਗੜ੍ਹ ਚੂੜੀਆਂ ਦੇ ਐਲ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ ਵਿਖੇ ਹੀ ਉਨ੍ਹਾਂ ਦੀ ਮੁਲਾਕਾਤ ਕਾ: ਵਿਜੇ ਮਿਸ਼ਰਾ ਨਾਲ ਹੋਈ, ਜੋ ਉਸ ਵੇਲੇ ਸਾਇੰਸ ਮਾਸਟਰ ਹੋਣ ਦੇ ਨਾਲ-ਨਾਲ ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਵੀ ਸਨ। ਕਾਮਰੇਡ ਮਿਸ਼ਰਾ ਦੇ ਸੰਪਰਕ ਨੇ ਧਿਆਨ ਸਿੰਘ ਦੀ ਸੋਚ ਨੂੰ ਨਵਾਂ ਮੋੜ ਦਿੱਤਾ ਅਤੇ ਉਥੋਂ ਹੀ ਉਨ੍ਹਾਂ ਦੀ ਸਿਆਸੀ ਚੇਤਨਾ ਦਾ ਆਗਾਜ਼ ਹੋਇਆ। ਉਹ ਮੰਨਦੇ ਹਨ ਕਿ ਉਨ੍ਹਾਂ ਨੂੰ ਸਿਆਸੀ ਗੁੜਤੀ ਕਾਮਰੇਡ ਵਿਜੇ ਮਿਸ਼ਰਾ ਤੋਂ ਹੀ ਮਿਲੀ। ਬਾਅਦ ਵਿੱਚ ਕਾਮਰੇਡ ਮਿਸ਼ਰਾ ਨੇ ਨੌਕਰੀ ਛੱਡ ਕੇ ਸੀ.ਪੀ.ਆਈ ਐਮ. ਵਿੱਚ ਸ਼ਾਮਲ ਹੋ ਕੇ ਕੇਂਦਰੀ ਕਮੇਟੀ ਮੈਂਬਰ ਤੱਕ ਦਾ ਸਫ਼ਰ ਤੈਅ ਕੀਤਾ।

ਕਾਮਰੇਡ ਮਿਸ਼ਰਾ ਦੇ ਨਕਸ਼ੇ ਕਦਮ 'ਤੇ ਚਲਦਿਆਂ ਠਾਕੁਰ ਧਿਆਨ ਸਿੰਘ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਿੱਚ ਬੜੀ ਸਰਗਰਮੀ ਨਾਲ ਸਾਥੀਆਂ ਨਾਲ ਮਿਲ ਕੇ ਕੰਮ ਕੀਤਾ ਅਤੇ ਅਨੇਕਾਂ ਅਧਿਆਪਕ ਮਸਲਿਆਂ ਦੇ ਹੱਲ ਲਈ ਸੰਘਰਸ਼ ਕੀਤੇ। ਮਾਰਚ 1989 ਵਿੱਚ ਉਨ੍ਹਾਂ ਨੂੰ ਦਨੇਰਾ ਵਿਖੇ ਆਰਟ ਐਂਡ ਕਰਾਫਟ ਅਧਿਆਪਕ ਵਜੋਂ ਸਰਕਾਰੀ ਨੌਕਰੀ ਮਿਲੀ। ਸਰਕਾਰੀ ਸੇਵਾ ਦੌਰਾਨ ਉਹ ਗੌਰਮਿੰਟ ਟੀਚਰ ਯੂਨੀਅਨ ਦੇ ਬਲਾਕ ਪ੍ਰਧਾਨ ਪਠਾਨਕੋਟ ਅਤੇ ਗੁਰਦਾਸਪੁਰ ਤੋਂ ਲੈ ਕੇ ਸੇਵਾ ਮੁਕਤੀ ਤੱਕ ਗੌਰਮਿੰਟ ਟੀਚਰ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਰਹੇ।

ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਪੱਧਰ 'ਤੇ ਗੋਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਕੈਸ਼ੀਅਰ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਕਈ ਅਹਿਮ ਅਹੁਦਿਆਂ 'ਤੇ ਰਹਿ ਕੇ ਮੁਲਾਜ਼ਮ ਹੱਕਾਂ ਦੀ ਲੜਾਈ ਲੜੀ। ਉਨ੍ਹਾਂ ਦੀ ਅਗਵਾਈ ਹੇਠ ਅਨੇਕਾਂ ਸੰਘਰਸ਼ ਹੋਏ, ਜਿਨ੍ਹਾਂ ਨੇ ਮੁਲਾਜ਼ਮ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਠਾਕੁਰ ਧਿਆਨ ਸਿੰਘ ਦੇ ਆਦਰਸ਼ ਸ਼ਹੀਦੇ-ਆਜ਼ਮ ਸ੍ਰੀ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਰਹੇ ਹਨ। ਮਾਰਕਸਵਾਦੀ-ਲੇਨਿਨਵਾਦੀ ਵਿਚਾਰਧਾਰਾ ਨੂੰ ਜੀਵਨ ਦਾ ਮੂਲ ਮੰਨਦਿਆਂ ਉਨ੍ਹਾਂ ਨੇ ਹਮੇਸ਼ਾ ਕਿਰਤੀ ਵਰਗ ਦੀ ਅਵਾਜ਼ ਨੂੰ ਮਜ਼ਬੂਤ ਕੀਤਾ।

ਸੇਵਾ ਮੁਕਤੀ ਤੋਂ ਬਾਅਦ ਵੀ ਉਹ ਸੰਘਰਸ਼ਾਂ ਤੋਂ ਦੂਰ ਨਹੀਂ ਹੋਏ, ਸਗੋਂ ਕਿਸਾਨਾਂ, ਮਜ਼ਦੂਰਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਮਸਲਿਆਂ ਲਈ ਪਹਿਲਾਂ ਨਾਲੋਂ ਵੱਧ ਸਰਗਰਮ ਹੋ ਗਏ। ਉਹ ਸੀਪੀਈਐਮ ਦੇ ਜ਼ਿਲ੍ਹਾ ਸਕੱਤਰ ਅਤੇ ਦੋ ਵਾਰ ਸੂਬਾ ਕਮੇਟੀ ਮੈਂਬਰ ਵੀ ਰਹੇ।

ਕੁਝ ਵਿਚਾਰਧਾਰਕ ਕਾਰਨਾਂ ਕਰਕੇ ਉਨ੍ਹਾਂ ਨੂੰ ਸੀ.ਪੀ.ਐਮ. ਛੱਡਣੀ ਪਈ, ਪਰ ਲੋਕ ਸੰਘਰਸ਼ਾਂ ਨਾਲ ਉਨ੍ਹਾਂ ਦਾ ਨਾਤਾ ਕਦੇ ਨਹੀਂ ਟੁੱਟਿਆ। ਇਸ ਵੇਲੇ ਕਾ: ਧਿਆਨ ਸਿੰਘ ਠਾਕਰ ਰੈਵੋਲੂਸ਼ਨਰੀ ਮਾਰਕਸਵਾਦੀ ਪਾਰਟੀ ਆਫ ਇੰਡੀਆ(ਆਰ.ਐਮ.ਪੀ.ਆਈ.) ਵਿੱਚ ਸਰਗਰਮ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਪਾਰਟੀ ਦੀ ਸਟੇਟ ਕਮੇਟੀ ਦੇ ਮੈਂਬਰ ਹਨ। ਇਸ ਤੋਂ ਇਲਾਵਾ ਉਹ ਕਿਰਤੀਆਂ ਦੀ ਜਥੇਬੰਦੀ ਸੀ.ਟੀ.ਯੂ. ਵਿੱਚ ਜ਼ਿਲ੍ਹਾ ਸਕੱਤਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਮਜ਼ਦੂਰਾਂ ਦੇ ਭੱਖਦੇ ਮਸਲਿਆਂ ਪ੍ਰਤੀ ਉਨ੍ਹਾਂ ਦਾ ਸੰਘਰਸ਼ ਅੱਜ ਵੀ ਲਗਾਤਾਰ ਜਾਰੀ ਹੈ।

ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤੱਕ ਕਿਰਤੀਆਂ, ਕਿਸਾਨਾਂ ਅਤੇ ਬੇਰੁਜ਼ਗਾਰਾਂ ਦੇ ਦੁੱਖਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤੱਕ ਇਹ ਲੜਾਈ ਜਾਰੀ ਰਹੇਗੀ। ਇਹੀ ਜਜ਼ਬਾ ਉਨ੍ਹਾਂ ਨੂੰ ਇੱਕ ਆਮ ਵਿਅਕਤੀ ਤੋਂ ਲੋਕ ਆਗੂ ਬਣਾਉਂਦਾ ਹੈ।

ਪਰਿਵਾਰਕ ਜੀਵਨ ਵਿੱਚ ਵੀ ਕਾ: ਧਿਆਨ ਸਿੰਘ ਠਾਕੁਰ ਬੇਹੱਦ ਖੁਸ਼ਕਿਸਮਤ ਰਹੇ ਹਨ। ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਸੁਰੇਸ਼ ਕੁਮਾਰੀ (ਸੀਨੀਅਰ ਕਲਰਕ ਬਿਜਲੀ ਬੋਰਡ) ਨੇ ਹਰ ਸੰਘਰਸ਼ ਵਿੱਚ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਦੇ ਤਿੰਨੋਂ ਬੱਚੇ ਡਾਕਟਰੀ ਖੇਤਰ ਵਿੱਚ ਨਾਮ ਕਮਾ ਰਹੇ ਹਨ। ਵੱਡੀ ਬੇਟੀ ਡਾ. ਦੀਪਕਾ ਠਾਕੁਰ ਬੀ.ਏ.ਐਮ.ਐਸ. ਕਰਕੇ ਇਸ ਵੇਲੇ ਆਯੂਰਵੈਦਿਕ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਦੂਜੀ ਬੇਟੀ ਡਾ. ਸਿੰਪੀਕਾ ਠਾਕੁਰ ਐਮ.ਡੀ. ਐਨੇਸਥੀਸੀਆ ਕਰਕੇ ਦਿੱਲੀ ਵਿੱਚ ਸੇਵਾ ਨਿਭਾ ਰਹੀ ਹੈ, ਜਦ ਕਿ ਬੇਟਾ ਡਾ. ਦੀਪਕ ਸਿੰਘ ਠਾਕੁਰ ਐਮ.ਡੀ. ਸਰਜਰੀ ਦੀ ਪੜ੍ਹਾਈ ਰਾਜਿੰਦਰਾ ਮੈਡੀਕਲ ਕਾਲਜ, ਪਟਿਆਲਾ ਵਿੱਚ ਦੂਸਰੇ ਸਾਲ ਵਿੱਚ ਹੈ।

ਠਾਕੁਰ ਧਿਆਨ ਸਿੰਘ ਦੀ ਜ਼ਿੰਦਗੀ ਸੰਘਰਸ਼, ਉੱਚੇ ਸਿਧਾਂਤਾਂ ਅਤੇ ਨਿਸ਼ਕਾਮ ਲੋਕ ਸੇਵਾ ਦਾ ਇੱਕ ਪ੍ਰੇਰਣਾਦਾਇਕ ਸਫ਼ਰ ਹੈ। ਆਪਣੀ ਦ੍ਰਿੜ ਇੱਛਾ-ਸ਼ਕਤੀ, ਇਮਾਨਦਾਰੀ ਅਤੇ ਸਮਾਜ ਪ੍ਰਤੀ ਸਮਰਪਣ ਸਦਕਾ ਉਹਨਾਂ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਵਿੱਚ ਵਿਸ਼ੇਸ਼ ਸਥਾਨ ਬਣਾਇਆ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਜ਼ਿੰਦਾ ਮਿਸਾਲ ਵੀ ਕਾਇਮ ਕੀਤੀ ਹੈ।

ਉਹਨਾਂ ਦਾ ਜੀਵਨ ਇਹ ਸੰਦੇਸ਼ ਦਿੰਦਾ ਹੈ ਕਿ ਮਿਹਨਤ, ਸੱਚਾਈ ਅਤੇ ਸੇਵਾ ਭਾਵਨਾ ਨਾਲ ਹਰ ਮੁਸ਼ਕਲ ਨੂੰ ਮੌਕੇ ਵਿੱਚ ਬਦਲਿਆ ਜਾ ਸਕਦਾ ਹੈ। ਵਰਤਮਾਨ ਵਿੱਚ ਉਹ ਬਹਿਰਾਮਪੁਰ ਰੋਡ ਨੇੜੇ ਦਿੱਲੀ ਪਬਲਿਕ ਸਕੂਲ, ਗੁਰਦਾਸਪੁਰ ਦੇ ਕੋਲ ਆਪਣੇ ਪਰਿਵਾਰ ਸਮੇਤ ਨਿਵਾਸ ਕਰ ਰਹੇ ਹਨ ਅਤੇ ਸਮਾਜਿਕ ਸਰੋਕਾਰਾਂ ਨਾਲ ਅੱਜ ਵੀ ਸਰਗਰਮੀ ਨਾਲ ਜੁੜੇ ਹੋਏ ਹਨ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਸੰਦੀਪ ਸਿੰਘ
ਲੈਕਚਰਾਰ ਪੰਜਾਬੀ
ਸਰਕਾਰੀ ਸੈਕੰਡਰੀ ਸਕੂਲ, ਝੰਡੂਕੇ
ਜ਼ਿਲ੍ਹਾ ਮਾਨਸਾ

# ਫੱਟੀ-ਕਲਮ ਤੋਂ ਕੀ-ਬੋਰਡ ਤੱਕ ਗੁਆਚ ਰਹੀ ਸੁੰਦਰ ਲਿਖਾਈ ਦੀ ਕਲਾ

ਸਮੇਂ ਦਾ ਪਹੀਆ ਜਦੋਂ ਤੇਜ਼ੀ ਨਾਲ ਘੁੰਮਦਾ ਹੈ ਤਾਂ ਉਹ ਸਿਰਫ਼ ਤਕਨਾਲੋਜੀ ਹੀ ਨਹੀਂ ਬਦਲਦਾ, ਉਹ ਮਨੁੱਖੀ ਜੀਵਨ ਦੇ ਅਨੇਕਾਂ ਅਜਿਹੇ ਪੱਖ ਵੀ ਆਪਣੇ ਨਾਲ ਬਹਾ ਲੈ ਜਾਂਦਾ ਹੈ ਜੋ ਕਦੇ ਸਾਡੀ ਪਛਾਣ ਹੁੰਦੇ ਸਨ। ਪੰਜਾਬ ਦੇ ਪਿੰਡਾਂ ਦੀਆਂ ਗਲੀਆਂ, ਸੱਥਾਂ ਅਤੇ ਸਕੂਲਾਂ ਨਾਲ ਜੁੜੀਆਂ ਅਨੇਕਾਂ ਯਾਦਾਂ ਵਿੱਚੋਂ ਇੱਕ ਯਾਦ ਫੱਟੀ, ਕਲਮ ਅਤੇ ਸੁੰਦਰ ਲਿਖਾਈ ਦੀ ਵੀ ਹੈ। ਇੱਕ ਸਮਾਂ ਸੀ ਜਦੋਂ ਬੱਚੇ ਦੀ ਪੜ੍ਹਾਈ ਦਾ ਪਹਿਲਾ ਪਾਠ ਅੱਖਰ ਗਿਆਨ ਦੇ ਨਾਲ-ਨਾਲ ਅੱਖਰਾਂ ਨੂੰ ਸੋਹਣਾ ਬਣਾਉਣਾ ਵੀ ਹੁੰਦਾ ਸੀ। ਫੱਟੀ ਉੱਤੇ ਗਾਚੀ ਫੇਰਨੀ, ਕਾਨੇ ਦੀ ਕਲਮ ਨੂੰ ਘੜਨਾ ਅਤੇ ਦਵਾਤ ਵਿੱਚੋਂ ਸਿਆਹੀ ਲੈ ਕੇ ਅੱਖਰ ਉਤਾਰਨੇ ਸਿਰਫ਼ ਪੜ੍ਹਾਈ ਦੀ ਪ੍ਰਕਿਰਿਆ ਨਹੀਂ ਸਨ, ਸਗੋਂ ਇਹ ਸਬਰ, ਸੁਹਜ, ਸਲੀਕੇ ਅਤੇ ਸੁਚੱਜੇਪਣ ਦੀ ਸਿਖਲਾਈ ਵੀ ਸਨ।

ਅੱਜ ਜਦੋਂ ਕੀ-ਬੋਰਡ ਅਤੇ ਟੱਚ ਸਕਰੀਨਾਂ ਦਾ ਯੁੱਗ ਹੈ, ਉਦੋਂ ਸੁੰਦਰ ਲਿਖਾਈ ਦੀ ਕਲਾ ਹੌਲੀ-ਹੌਲੀ ਸਾਡੀ ਜ਼ਿੰਦਗੀ ਵਿੱਚੋਂ ਖਿਸਕਦੀ ਜਾ ਰਹੀ ਹੈ। ਜਿਸ ਕਲਮ ਨੇ ਕਦੇ ਵਿਚਾਰਾਂ ਨੂੰ ਪਰ ਲਾਏ ਸਨ, ਅੱਜ ਉਹ ਮੇਜ਼ਾਂ ਦੇ ਦਰਾਜ਼ਾਂ ਵਿੱਚ ਕੈਦ ਹੋ ਰਹੀ ਹੈ। ਬੱਚੇ ਉਂਗਲਾਂ ਨਾਲ ਸਕਰੀਨਾਂ 'ਤੇ ਦੌੜਨਾ ਤਾਂ ਸਿੱਖ ਰਹੇ ਹਨ, ਪਰ ਅੱਖਰਾਂ ਨੂੰ ਸ਼ਕਲ ਦੇਣ ਦੀ ਕਲਾ ਤੋਂ ਦੂਰ ਹੁੰਦੇ ਜਾ ਰਹੇ ਹਨ। ਇਹ ਸਿਰਫ਼ ਇੱਕ ਸਿੱਖਿਆਕ ਤਬਦੀਲੀ ਨਹੀਂ, ਸਗੋਂ ਸਾਡੀ ਸੱਭਿਆਚਾਰਕ ਅਤੇ ਮਾਨਸਿਕ ਵਿਰਾਸਤ ਵਿੱਚ ਆ ਰਹੀ ਇੱਕ ਵੱਡੀ ਤਬਦੀਲੀ ਹੈ।

ਪੰਜਾਬੀ ਸਮਾਜ ਵਿੱਚ ਸੁਚੱਜੇਪਣ ਅਤੇ ਸਲੀਕੇ ਨੂੰ ਹਮੇਸ਼ਾ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਜਿਵੇਂ ਇੱਕ ਪੰਜਾਬੀ ਕਿਸਾਨ ਆਪਣੀ ਪੱਗ ਦਾ ਹਰ ਲੜ ਸੰਵਾਰਦਾ ਹੈ, ਜਿਵੇਂ ਇੱਕ ਮੁਟਿਆਰ ਫੁਲਕਾਰੀ ਦੇ ਹਰ ਟਾਂਕੇ ਵਿੱਚ ਆਪਣੀ ਕਲਾ ਉਤਾਰਦੀ ਹੈ, ਜਿਵੇਂ ਇੱਕ ਦਸਤਕਾਰ ਲੱਕੜ ਜਾਂ ਮਿੱਟੀ ਨੂੰ ਘੜ ਕੇ ਉਸ ਵਿੱਚ ਜਾਨ ਪਾ ਦਿੰਦਾ ਹੈ, ਉਸੇ ਤਰ੍ਹਾਂ ਸੁੰਦਰ ਲਿਖਾਈ ਵੀ ਮਨੁੱਖ ਦੇ ਅੰਦਰਲੇ ਸੁਚੱਜੇਪਣ ਦਾ ਪ੍ਰਗਟਾਵਾ ਹੁੰਦੀ ਹੈ। ਲਿਖਾਈ ਸਿਰਫ਼ ਸ਼ਬਦਾਂ ਦਾ ਲਿਬਾਸ ਨਹੀਂ, ਸਗੋਂ ਵਿਚਾਰਾਂ ਦਾ ਚਿਹਰਾ ਹੁੰਦੀ ਹੈ।

ਸਾਡੇ ਬਜ਼ੁਰਗ ਕਹਿੰਦੇ ਸਨ ਕਿ "ਬੰਦੇ ਦੀ ਬੋਲੀ ਤੇ ਲਿਖਤ ਉਸਦਾ ਅਸਲ ਪਤਾ ਦੱਸਦੀਆਂ ਹਨ।" ਭਾਵੇਂ ਇਹ ਕੋਈ ਪ੍ਰਚਲਿਤ ਅਖਾਣ ਨਹੀਂ, ਪਰ ਇਸ ਵਿੱਚ ਇੱਕ ਡੂੰਘਾ ਸੱਚ ਲੁਕਿਆ ਹੋਇਆ ਹੈ। ਸਾਫ਼ ਅਤੇ ਸੁੰਦਰ ਲਿਖਾਈ ਪੜ੍ਹਨ ਵਾਲੇ ਦੇ ਮਨ ਵਿੱਚ ਆਦਰ ਪੈਦਾ ਕਰਦੀ ਹੈ। ਉਲਝੀ ਹੋਈ ਲਿਖਤ ਅਕਸਰ ਉਲਝੇ ਹੋਏ ਵਿਚਾਰਾਂ ਦਾ ਭੁਲੇਖਾ ਪੈਦਾ ਕਰਦੀ ਹੈ, ਜਦਕਿ ਸਪੱਸ਼ਟ ਲਿਖਾਈ ਲੇਖਕ ਦੇ ਅਨੁਸ਼ਾਸਨ ਅਤੇ ਸੰਜਮ ਦੀ ਗਵਾਹੀ ਦਿੰਦੀ ਹੈ।

ਗੁਰਮੁਖੀ ਲਿਪੀ ਆਪ ਵਿੱਚ ਇੱਕ ਅਨੋਖੀ ਕਲਾ ਹੈ। ਇਸ ਦੇ ਗੋਲ-ਮਟੋਲ ਅੱਖਰ, ਸਿਰਲੇਖ ਦੀ ਲਕੀਰ ਅਤੇ ਅੱਖਰਾਂ ਦੀ ਬਣਤਰ ਇੱਕ ਵਿਲੱਖਣ ਸੁੰਦਰਤਾ ਰਚਦੇ ਹਨ। ਜਦੋਂ ਕੋਈ ਬੱਚਾ "ੳ, ਅ, ੲ" ਤੋਂ ਲੈ ਕੇ ਪੂਰੀ ਵਰਣਮਾਲਾ ਨੂੰ ਸਲੀਕੇ ਨਾਲ ਲਿਖਣਾ ਸਿੱਖਦਾ ਹੈ ਤਾਂ ਉਹ ਸਿਰਫ਼ ਭਾਸ਼ਾ ਨਹੀਂ ਸਿੱਖਦਾ, ਉਹ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਵੀ ਜੁੜਦਾ ਹੈ। ਕਾਗਜ਼ ਉੱਤੇ ਸਜੇ ਹੋਏ ਗੁਰਮੁਖੀ ਦੇ ਅੱਖਰ ਕਿਸੇ ਫੁਲਕਾਰੀ ਦੇ ਨਕਸ਼ਿਆਂ ਵਾਂਗ ਮਨ ਨੂੰ ਖਿੱਚਦੇ ਹਨ।

ਸੁੰਦਰ ਲਿਖਾਈ ਦਾ ਸੰਬੰਧ ਸਿਰਫ਼ ਸੁੰਦਰਤਾ ਨਾਲ ਨਹੀਂ, ਸਗੋਂ ਮਨੋਵਿਗਿਆਨ ਅਤੇ ਬੌਧਿਕ ਵਿਕਾਸ ਨਾਲ ਵੀ ਹੈ। ਖੋਜਾਂ ਇਹ ਦਰਸਾਉਂਦੀਆਂ ਹਨ ਕਿ ਹੱਥ ਨਾਲ ਲਿਖਣ ਸਮੇਂ ਦਿਮਾਗ਼ ਦੇ ਕਈ ਹਿੱਸੇ ਇੱਕੋ ਵੇਲੇ ਸਰਗਰਮ ਹੁੰਦੇ ਹਨ। ਇਸ ਨਾਲ ਯਾਦਸ਼ਕਤੀ, ਇਕਾਗਰਤਾ ਅਤੇ ਭਾਸ਼ਾ ਦੀ ਸਮਝ ਵਿੱਚ ਵਾਧਾ ਹੁੰਦਾ ਹੈ। ਜਦੋਂ ਬੱਚਾ ਅੱਖਰਾਂ ਨੂੰ ਸਹੀ ਆਕਾਰ ਦੇਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਸਬਰ ਅਤੇ ਧਿਆਨ ਦੀ ਸਾਧਨਾ ਵੀ ਕਰ ਰਿਹਾ ਹੁੰਦਾ ਹੈ। ਕੀ-ਬੋਰਡ ਰਫ਼ਤਾਰ ਦੇ ਸਕਦਾ ਹੈ, ਪਰ ਕਲਮ ਵਿਚਾਰਾਂ ਨੂੰ ਰੂਪ ਦਿੰਦੀ ਹੈ। ਟੱਚ ਸਕਰੀਨ ਸੁਨੇਹਾ ਭੇਜ ਸਕਦੀ ਹੈ, ਪਰ ਹੱਥ-ਲਿਖਤ ਦਿਲ ਦੀ ਗਰਮਾਹਟ ਪਹੁੰਚਾਉਂਦੀ ਹੈ।

ਅੱਜ ਦੇ ਸਮੇਂ ਵਿੱਚ ਬੱਚਿਆਂ ਦੀ ਲਿਖਾਈ ਦੇ ਵਿਗੜਨ ਪਿੱਛੇ ਕਈ ਕਾਰਨ ਹਨ। ਮੋਬਾਈਲ ਫੋਨ ਅਤੇ ਕੰਪਿਊਟਰਾਂ ਦੀ ਵਧਦੀ ਵਰਤੋਂ ਨੇ ਹੱਥ ਨਾਲ ਲਿਖਣ ਦੀ ਆਦਤ ਨੂੰ ਕਾਫ਼ੀ ਘਟਾ ਦਿੱਤਾ ਹੈ।

ਅੱਜ ਦਾ ਬੱਚਾ ਕਈ ਵਾਰ ਪੈੱਨ ਫੜਨ ਤੋਂ ਪਹਿਲਾਂ ਮੋਬਾਈਲ ਚਲਾਉਣਾ ਸਿੱਖ ਜਾਂਦਾ ਹੈ। ਸਕੂਲੀ ਸਿਲੇਬਸ ਦਾ ਵਧਦਾ ਬੋਝ, ਹੋਮਵਰਕ ਦੀ ਭਰਮਾਰ ਅਤੇ ਕੰਮ ਜਲਦੀ ਮੁਕਾਉਣ ਦੀ ਦੌੜ ਵੀ ਲਿਖਾਈ ਦੀ ਸੁੰਦਰਤਾ ਨੂੰ ਪ੍ਰਭਾਵਿਤ ਕਰ ਰਹੀ ਹੈ। "ਕਾਹਲੀ ਦਾ ਕੰਮ ਸ਼ੈਤਾਨ ਦਾ" ਵਾਲੀ ਕਹਾਵਤ ਇੱਥੇ ਬਿਲਕੁਲ ਸੱਚ ਸਾਬਤ ਹੁੰਦੀ ਹੈ। ਜਦੋਂ ਮੰਜ਼ਿਲ ਸਿਰਫ਼ ਕੰਮ ਮੁਕਾਉਣਾ ਰਹਿ ਜਾਵੇ ਤਾਂ ਸੁੰਦਰਤਾ ਅਤੇ ਸਲੀਕਾ ਅਕਸਰ ਰਾਹ ਵਿੱਚ ਹੀ ਛੁੱਟ ਜਾਂਦੇ ਹਨ।

ਇੱਕ ਹੋਰ ਚਿੰਤਾ ਵਾਲੀ ਗੱਲ ਇਹ ਹੈ ਕਿ ਸਕੂਲਾਂ ਵਿੱਚੋਂ ਸੁਲੇਖ ਦੀ ਪਰੰਪਰਾ ਲਗਭਗ ਲੁਪਤ ਹੋ ਚੁੱਕੀ ਹੈ। ਇੱਕ ਸਮਾਂ ਸੀ ਜਦੋਂ ਵਿਦਿਆਰਥੀ ਰੋਜ਼ਾਨਾ ਸੁਲੇਖ ਲਿਖਦੇ ਸਨ, ਸੁੰਦਰ ਲਿਖਾਈ ਦੇ ਮੁਕਾਬਲੇ ਹੁੰਦੇ ਸਨ ਅਤੇ ਚੰਗੀ ਲਿਖਤ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਸੀ। ਅੱਜ ਇਹ ਸਭ ਕੁਝ ਹੌਲੀ-ਹੌਲੀ ਅਤੀਤ ਦੀਆਂ ਯਾਦਾਂ ਬਣਦਾ ਜਾ ਰਿਹਾ ਹੈ। ਜਦੋਂ ਅਭਿਆਸ ਹੀ ਨਹੀਂ ਹੋਵੇਗਾ ਤਾਂ ਕਲਾ ਕਿਵੇਂ ਬਚੇਗੀ? ਲੋਹਾ ਘਸ ਕੇ ਹੀ ਚਮਕਦਾ ਹੈ ਅਤੇ ਲਿਖਾਈ ਅਭਿਆਸ ਨਾਲ ਹੀ ਨਿਖਰਦੀ ਹੈ।

ਇੱਕ ਅਧਿਆਪਕ ਦੇ ਤੌਰ 'ਤੇ ਇਹ ਅਨੁਭਵ ਅਕਸਰ ਹੁੰਦਾ ਹੈ ਕਿ ਕਈ ਵਿਦਿਆਰਥੀਆਂ ਕੋਲ ਗਿਆਨ ਦੀ ਕੋਈ ਕਮੀ ਨਹੀਂ ਹੁੰਦੀ, ਪਰ ਉਹ ਆਪਣੀ ਗੱਲ ਨੂੰ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਹੀਂ ਕਰ ਪਾਉਂਦੇ। ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਸਾਫ਼ ਅਤੇ ਸੁੰਦਰ ਲਿਖਾਈ ਵਾਲੀ ਉੱਤਰ-ਪੱਤਰੀ ਜਾਂਚਣ ਵਾਲੇ 'ਤੇ ਚੰਗਾ ਪ੍ਰਭਾਵ ਛੱਡਦੀ ਹੈ। ਆਖ਼ਰਕਾਰ ਪਹਿਲਾ ਪ੍ਰਭਾਵ ਵੀ ਮਹੱਤਵ ਰੱਖਦਾ ਹੈ। ਕਈ ਵਾਰ ਵਿਦਿਆਰਥੀ ਦੀ ਮਿਹਨਤ ਉਸਦੀ ਅਸਪੱਸ਼ਟ ਲਿਖਤ ਦੇ ਪਿੱਛੇ ਲੁਕ ਕੇ ਰਹਿ ਜਾਂਦੀ ਹੈ।

ਸਵਾਲ ਇਹ ਨਹੀਂ ਕਿ ਅਸੀਂ ਤਕਨਾਲੋਜੀ ਨੂੰ ਅਪਣਾਈਏ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਅਸੀਂ ਤਕਨਾਲੋਜੀ ਦੀ ਚਮਕ-ਦਮਕ ਵਿੱਚ ਆਪਣੀਆਂ ਉਹਨਾਂ ਕਦਰਾਂ-ਕੀਮਤਾਂ ਨੂੰ ਵੀ ਗੁਆ ਬੈਠੀਏ ਜੋ ਸਦੀਆਂ ਤੋਂ ਸਾਡੀ ਪਛਾਣ ਰਹੀਆਂ ਹਨ? ਤਕਨਾਲੋਜੀ ਸਾਡੀ ਲੋੜ ਹੈ, ਪਰ ਕਲਮ ਸਾਡੀ ਵਿਰਾਸਤ ਹੈ। ਕੀ-ਬੋਰਡ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਕਲਮ ਦਾ ਸਥਾਨ ਵੀ ਕੋਈ ਮਸ਼ੀਨ ਨਹੀਂ ਲੈ ਸਕਦੀ।

ਅੱਜ ਲੋੜ ਇਸ ਗੱਲ ਦੀ ਹੈ ਕਿ ਘਰ, ਸਕੂਲ ਅਤੇ ਸਮਾਜ ਮਿਲ ਕੇ ਸੁੰਦਰ ਲਿਖਾਈ ਦੀ ਇਸ ਕਲਾ ਨੂੰ ਮੁੜ ਸਨਮਾਨ ਦੇਣ। ਬੱਚਿਆਂ ਨੂੰ ਰੋਜ਼ਾਨਾ ਕੁਝ ਸਮਾਂ ਸੁਲੇਖ ਲਈ ਪ੍ਰੇਰਿਤ ਕੀਤਾ ਜਾਵੇ, ਸਕੂਲਾਂ ਵਿੱਚ ਲਿਖਾਈ ਮੁਕਾਬਲੇ ਕਰਵਾਏ ਜਾਣ ਅਤੇ ਮਾਪੇ ਬੱਚਿਆਂ ਨੂੰ ਸਿਰਫ਼ ਅੰਕਾਂ ਦੀ ਦੌੜ ਵਿੱਚ ਹੀ ਨਾ ਧੱਕਣ, ਸਗੋਂ ਉਨ੍ਹਾਂ ਦੇ ਵਿਅਕਤੀਤਵ ਦੇ ਇਸ ਮਹੱਤਵਪੂਰਨ ਪੱਖ ਵੱਲ ਵੀ ਧਿਆਨ ਦੇਣ।

ਫੱਟੀ-ਕਲਮ ਦਾ ਯੁੱਗ ਭਾਵੇਂ ਇਤਿਹਾਸ ਬਣ ਚੁੱਕਾ ਹੋਵੇ, ਪਰ ਉਸ ਯੁੱਗ ਦੀਆਂ ਕਦਰਾਂ ਅੱਜ ਵੀ ਪ੍ਰਸੰਗਿਕ ਹਨ। ਸੁੰਦਰ ਲਿਖਾਈ ਸਿਰਫ਼ ਅੱਖਰਾਂ ਦੀ ਸਜਾਵਟ ਨਹੀਂ, ਸਗੋਂ ਸਬਰ, ਅਨੁਸ਼ਾਸਨ, ਸੁਚੱਜੇਪਣ ਅਤੇ ਸੱਭਿਆਚਾਰ ਨਾਲ ਜੁੜੀ ਇੱਕ ਜਿਉਂਦੀ ਜਾਗਦੀ ਕਲਾ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਸਿਰਫ਼ ਮਸ਼ੀਨਾਂ ਦੇ ਸੰਚਾਲਕ ਨਹੀਂ, ਸਗੋਂ ਸੰਵੇਦਨਸ਼ੀਲ ਅਤੇ ਸੱਭਿਆਚਾਰਕ ਤੌਰ 'ਤੇ ਜਾਗਰੂਕ ਮਨੁੱਖ ਬਣਨ, ਤਾਂ ਸਾਨੂੰ ਉਨ੍ਹਾਂ ਦੇ ਹੱਥਾਂ ਵਿੱਚ ਮੁੜ ਕਲਮ ਦੇਣੀ ਪਵੇਗੀ। ਕਿਉਂਕਿ ਸਮੇਂ ਦੇ ਹਰ ਦੌਰ ਵਿੱਚ ਇੱਕ ਗੱਲ ਸੱਚ ਰਹੀ ਹੈ। ਮਸ਼ੀਨਾਂ ਟਾਈਪ ਕਰ ਸਕਦੀਆਂ ਹਨ, ਪਰ ਮਨੁੱਖ ਦੀ ਪਛਾਣ ਅਜੇ ਵੀ ਉਸਦੀ ਲਿਖਤ ਵਿੱਚ ਝਲਕਦੀ ਹੈ।




WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਟ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਮੌਨਸੂਨ ਪੰਛੀ: ਕਿਸਾਨਾਂ ਲਈ ਇੱਕ ਕੁਦਰਤੀ ਗਾਈਡ

ਭਾਰਤ ਦੀ ਖੇਤੀਬਾੜੀ ਸਦੀਆਂ ਤੋਂ ਮੌਨਸੂਨ ਦੀਆਂ ਬਾਰਸ਼ਾਂ 'ਤੇ ਨਿਰਭਰ ਰਹੀ ਹੈ। ਆਧੁਨਿਕ ਮੌਸਮ ਪੇਸ਼ਗੋਈ ਤਕਨੀਕਾਂ ਦੇ ਆਉਣ ਤੋਂ ਪਹਿਲਾਂ ਕਿਸਾਨ ਕੁਦਰਤ ਦੇ ਸੰਕੇਤਾਂ ਨੂੰ ਧਿਆਨ ਨਾਲ ਵੇਖਦੇ ਸਨ। ਇਨ੍ਹਾਂ ਸੰਕੇਤਾਂ ਵਿੱਚ ਇੱਕ ਵਿਸ਼ੇਸ਼ ਪੰਛੀ ਦਾ ਨਾਮ ਸਭ ਤੋਂ ਵੱਧ ਲਿਆ ਜਾਂਦਾ ਹੈ ਚਾਤਕ ਜਾਂ ਪਾਈਡ ਕੱਕੂ , ਜਿਸ ਨੂੰ "ਮੌਨਸੂਨ ਪੰਛੀ" ਵੀ ਕਿਹਾ ਜਾਂਦਾ ਹੈ। ਇਹ ਪੰਛੀ ਕਿਸਾਨਾਂ ਲਈ ਇੱਕ ਕੁਦਰਤੀ ਗਾਈਡ ਵਜੋਂ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੀ ਆਮਦ ਅਕਸਰ ਮੌਨਸੂਨ ਦੇ ਆਗਮਨ ਦਾ ਸੰਕੇਤ ਮੰਨੀ ਜਾਂਦੀ ਹੈ।ਚਾਤਕ ਪੰਛੀ ਦੀ ਖਾਸੀਅਤ ਇਹ ਹੈ ਕਿ ਇਹ ਹਰ ਸਾਲ ਮੌਨਸੂਨ ਤੋਂ ਕੁਝ ਸਮਾਂ ਪਹਿਲਾਂ ਭਾਰਤ ਦੇ ਕਈ ਹਿੱਸਿਆਂ ਵਿੱਚ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਦੀ ਮਿੱਠੀ ਆਵਾਜ਼ ਅਤੇ ਅਚਾਨਕ ਮੌਜੂਦਗੀ ਪਿੰਡਾਂ ਦੇ ਲੋਕਾਂ ਨੂੰ ਇਹ ਸੰਕੇਤ ਦਿੰਦੀ ਹੈ ਕਿ ਬਾਰਸ਼ਾਂ ਦਾ ਮੌਸਮ ਨੇੜੇ ਹੈ। ਇਸ ਲਈ ਕਿਸਾਨ ਇਸ ਦੀ ਆਮਦ ਨੂੰ ਬਹੁਤ ਮਹੱਤਵ ਦਿੰਦੇ ਹਨ।ਭਾਰਤੀ ਲੋਕ-ਕਥਾਵਾਂ ਅਤੇ ਸਾਹਿਤ ਵਿੱਚ ਚਾਤਕ ਪੰਛੀ ਦਾ ਵਿਸ਼ੇਸ਼ ਸਥਾਨ ਹੈ। ਕਵੀਆਂ ਨੇ ਇਸ ਨੂੰ ਉਮੀਦ, ਧੀਰਜ ਅਤੇ ਪ੍ਰਤੀਕਸ਼ਾ ਦਾ ਪ੍ਰਤੀਕ ਮੰਨਿਆ ਹੈ। ਇੱਕ ਪ੍ਰਸਿੱਧ ਧਾਰਨਾ ਹੈ ਕਿ ਚਾਤਕ ਸਿਰਫ਼ ਅਸਮਾਨ ਤੋਂ ਡਿੱਗਣ ਵਾਲੀਆਂ ਮੀਂਹ ਦੀਆਂ ਬੂੰਦਾਂ ਹੀ ਪੀਂਦਾ ਹੈ। ਭਾਵੇਂ ਇਹ ਵਿਗਿਆਨਕ ਤੌਰ 'ਤੇ ਸਹੀ ਨਹੀਂ, ਪਰ ਇਹ ਵਿਸ਼ਵਾਸ ਲੋਕਾਂ ਦੇ ਮਨ ਵਿੱਚ ਇਸ ਪੰਛੀ ਲਈ ਵਿਸ਼ੇਸ਼ ਆਦਰ ਪੈਦਾ ਕਰਦਾ ਹੈ।ਵਿਗਿਆਨੀਆਂ ਅਨੁਸਾਰ ਚਾਤਕ ਦੀ ਮਾਈਗ੍ਰੇਸ਼ਨ ਮੌਸਮੀ ਤਬਦੀਲੀਆਂ ਅਤੇ ਮੌਨਸੂਨੀ ਹਵਾਵਾਂ ਨਾਲ ਜੁੜੀ ਹੋਈ ਹੈ। ਇਹ ਪੰਛੀ ਉਹਨਾਂ ਖੇਤਰਾਂ ਵੱਲ ਰੁਖ ਕਰਦਾ ਹੈ ਜਿੱਥੇ ਮੌਨਸੂਨੀ ਪ੍ਰਣਾਲੀ ਅੱਗੇ ਵੱਧ ਰਹੀ ਹੁੰਦੀ ਹੈ। ਇਸੇ ਕਾਰਨ ਇਸ ਦੀ ਮੌਜੂਦਗੀ ਨੂੰ ਮੌਨਸੂਨ ਦੀ ਆਮਦ ਨਾਲ ਜੋੜਿਆ ਜਾਂਦਾ ਹੈ।

ਅੱਜ ਭਾਵੇਂ ਸੈਟੇਲਾਈਟਾਂ, ਰਾਡਾਰਾਂ ਅਤੇ ਕੰਪਿਊਟਰ ਮਾਡਲਾਂ ਦੀ ਮਦਦ ਨਾਲ ਮੌਸਮ ਦੀ ਸਹੀ ਜਾਣਕਾਰੀ ਮਿਲ ਜਾਂਦੀ ਹੈ, ਫਿਰ ਵੀ ਕਈ ਕਿਸਾਨ ਕੁਦਰਤੀ ਸੰਕੇਤਾਂ ਨੂੰ ਅਣਡਿੱਠਾ ਨਹੀਂ ਕਰਦੇ। ਚਾਤਕ ਪੰਛੀ ਵਰਗੇ ਜੀਵ ਉਨ੍ਹਾਂ ਨੂੰ ਕੁਦਰਤ ਨਾਲ ਜੋੜੇ ਡਾ ਵਿਜੈ ਗਰਗ ਰੱਖਦੇ ਹਨ ਅਤੇ ਪੁਰਖਿਆਂ ਦੇ ਤਜਰਬੇ ਦੀ ਯਾਦ ਦਿਵਾਉਂਦੇ ਹਨ।

ਮੌਨਸੂਨ ਪੰਛੀ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਕੁਦਰਤ ਅਤੇ ਖੇਤੀਬਾੜੀ ਦਾ ਰਿਸ਼ਤਾ ਕਿੰਨਾ ਡੂੰਘਾ ਹੈ। ਜੈਵ ਵਿਭਿੰਨਤਾ ਦੀ ਸੰਭਾਲ ਸਿਰਫ਼ ਵਾਤਾਵਰਣ ਲਈ ਹੀ ਨਹੀਂ, ਸਗੋਂ ਖੇਤੀਬਾੜੀ ਅਤੇ ਪਿੰਡਾਂ ਦੀ ਜ਼ਿੰਦਗੀ ਲਈ ਵੀ ਬਹੁਤ ਮਹੱਤਵਪੂਰਨ ਹੈ।ਅੰਤ ਵਿੱਚ, ਚਾਤਕ ਜਾਂ ਮੌਨਸੂਨ ਪੰਛੀ ਸਿਰਫ਼ ਇੱਕ ਪੰਛੀ ਨਹੀਂ, ਸਗੋਂ ਉਮੀਦ, ਪਰੰਪਰਾ ਅਤੇ ਕੁਦਰਤੀ ਗਿਆਨ ਦਾ ਪ੍ਰਤੀਕ ਹੈ। ਇਹ ਕਿਸਾਨਾਂ ਲਈ ਇੱਕ ਅਜਿਹਾ ਕੁਦਰਤੀ ਗਾਈਡ ਹੈ ਜੋ ਸਦੀਆਂ ਤੋਂ ਮੀਂਹ ਦੇ ਸੁਨੇਹੇ ਲਿਆਉਂਦਾ ਆ ਰਿਹਾ ਹੈ ਅਤੇ ਅੱਜ ਵੀ ਲੋਕਾਂ ਵਿੱਚ ਮੌਨਸੂਨ ਦੀ ਉਡੀਕ ਨੂੰ ਹੋਰ ਰੋਮਾਂਚਕ ਬਣਾ ਦਿੰਦਾ ਹੈ।




# ਸਮਾਂ

ਸਮੇਂ ਦੀ ਨਿਰੰਤਰ ਚਾਲ ਨਾ ਕਦੇ ਇਹ ਰੁੱਕਦੀ
ਸਮਾਂ ਬੀਤਦਾ ਲੇਖਾ ਦੀ ਸਿਆਹੀ ਨਾ ਸੁੱਕਦੀ।
ਜੀਵਨ ਪੰਧ ਤੇ ਵਕਤ ਦਾ ਪੱਕਾ ਪਹਿਰਾ
ਦੁੱਖ ਸੁੱਖ ਦਾ ਸਮੇਂ ਨਾਲ ਹੁੰਦਾ ਮੋਹ ਗਹਿਰਾ॥
ਨਾ ਰਾਜਿਆਂ ਮਹਾਰਾਜਿਆਂ ਨੇ ਵਕਤ ਬੰਨਿਆਂ
ਨਾ ਰੰਕਾਂ ਨੇ ਕਾਲ ਰੂਪ ਸਮੇਂ ਦਾ ਗੜ੍ਹ ਭੰਨਿਆਂ।
ਹਰ ਪਦਾਰਥ ਦੀ ਉਤਪਤੀ ਦਾ ਸਮਾਂ ਹੈ ਤੈਅ
ਮੌਤ ਦੀ ਤਾਲ ਦੀ ਸਮੇਂ ਨਾਲ ਹੁੰਦੀ ਪੂਰੀ ਲੈਅ॥
ਸਮੇਂ ਨੇ ਦੁਸ਼ਮਣਾਂ ਨੂੰ ਧੁਰ ਦਰਗਾਹ ਪਹੁੰਚਾਇਆ
ਸੱਜਣਾਂ ਦੇ ਜੀਵਨ ਦਾ ਬਲਦਾ ਦੀਪਕ ਬੁਝਾਇਆ।
ਸਮੇਂ ਨੇ ਸਮੇਂ ਨੂੰ ਨੂੜ ਆਪਣਾ ਦਾਸ ਬਣਾਇਆ
ਸਮੇਂ ਦੇ ਗਰਭ ਵਿੱਚ ਆਦਿ ਅੰਤ ਦਾ ਸਮਾਂ ਸਮਾਇਆ॥
ਘੜੀਆਂ ਬੀਤਦੀਆਂ ਦਿਨ ਬਣ ਗਈਆਂ ਬੀਤ
ਦਿਨ ਬਣੇ ਹਫ਼ਤੇ, ਹਫ਼ਤੇ ਮਹੀਨੇ ਮੁੜ ਇਹੀ ਰੀਤ।
ਮਹੀਨਿਆਂ ਦੇ ੧੨ ਅੰਕਾਂ ਨਾਲ ਬਣੇ ਧਰਤ ਦਾ ਸਾਲ
ਵੇਲਾ ਸਾਂਭ ਕਰ ਬੰਦਗੀ ਚੜ੍ਹਦਾ ਆਉਂਦਾ ਕਾਲ॥




LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ ।
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

STEER TIRE
295/75R22.5
With Installation
Singh: 510-766-9382

SPECIAL OFFER !!



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

**Gillson**
TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

**Flexible Home Time** | **Pet Friendly** | **Rider Policy**

SCAN QR CODE FOR
APPLY NOW

**HEALTH BENEFITS** Health Dental Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com




ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner